S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

" Simpson, Thomas & Associates are a legal dream team. No other law firm could have fought this claim as it takes a lot of resources to fight a case of this nature. "

– Former client commenting on the Jago wedding tragedy

# B.C.'s Pioneering Law Firm for Motor Vehicle Cases

For over 50 years Simpson, Thomas & Associates (formerly Simpson & Company) have been advocates for victims seeking justice.

A+ Rated BBB ACCREDITED BUSINESS

" Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved. "

– B.Sekhon

Our history of successfully settling ICBC claims has garnered respect from our clients, and within the legal and rehabilitation communities in B.C.



**Adam Ueland**
LAWYER

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.

**Call Adam on 604-689-8888 to set up a complimentary consultation or visit our website at simpsonthomas.com**

We have offices in Vancouver, Surrey/Delta, Abbotsford* and Burnaby.*
*By appointment only

**Caring. Compassionate. Community-Focussed.**

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 14 SATURDAY, 3 APRIL, 2021
www.punjablinkpaper.com 604-503-5465

Harbir Kaur Deol
Notary Public
• Statutory Declarations
• Travel Consent Letters
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

## ਪੰਜਾਬ ਵਿਚ ਕੋਵਿਡ ਪਾਬੰਦੀਆਂ ਵਿਚ 10 ਅਪ੍ਰੈਲ ਤੱਕ ਵਾਧਾ

### ਸੁਧਾਰ ਨਾ ਹੋਣ 'ਤੇ ਹੋਰ ਸਖ਼ਤ ਪਾਬੰਦੀਆਂ ਦੀ ਚੇਤਾਵਨੀ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਕੋਵਿਡ ਪਾਬੰਦੀਆਂ ਵਿਚ 10 ਅਪ੍ਰੈਲ ਤੱਕ ਵਾਧਾ ਕਰਨ ਦਾ ਐਲਾਨ ਕੀਤਾ ਹੈ। ਉਹਨਾ ਹੋਰ ਕਿਹਾ ਕਿ 8 ਅਪਰੈਲ ਨੂੰ ਸੂਬੇ ਵਿੱਚ ਕੋਵਿਡ-19 ਹਾਲਾਤ ਦੀ ਸਮੀਖਿਆ ਤੋਂ ਬਾਅਦ ਸਖ਼ਤ ਪਾਬੰਦੀਆਂ ਲਗਾਉਣ ਦਾ ਫੈਸਲਾ ਲਿਆ ਜਾਵੇਗਾ। ਮੁੱਖ ਮੰਤਰੀ ਨੇ ਅਗਲੇ ਹਫ਼ਤੇ ਤਕ ਹਾਲਾਤ ਵਿੱਚ ਸੁਧਾਰ ਨਾ ਹੋਣ 'ਤੇ ਸਖ਼ਤ ਪਾਬੰਦੀਆਂ ਲਗਾਉਣ ਦੀ ਚੇਤਾਵਨੀ ਦਿੱਤੀ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਸਰਕਾਰ ਨੇ ਕੋਵਿਡ-19 ਜਾਂਚ ਅਤੇ ਟੀਕਾਕਰਨ ਤੇਜ਼ ਕਰਨ ਦਾ ਹੁਕਮ ਦਿੰਦਿਆਂ ਸੂਬੇ ਵਿੱਚ 10 ਦਿਨ ਵਿਦਿਅਕ ਅਦਾਰੇ ਬੰਦ ਰੱਖਣ ਦਾ ਨਿਰਦੇਸ਼ ਦਿੱਤਾ ਸੀ। ਪੰਜਾਬ ਵਿੱਚ ਕਰੋਨਾ ਪੀੜਤਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ।

## ਸੰਯੁਕਤ ਕਿਸਾਨ ਮੋਰਚੇ ਵੱਲੋਂ 10 ਅਪ੍ਰੈਲ ਨੂੰ ਕੇ. ਐਮ. ਪੀ. ਜਾਮ ਤੇ ਮਈ ਦੇ ਪਹਿਲੇ ਹਫ਼ਤੇ ਸੰਸਦ ਵੱਲ ਮਾਰਚ ਦਾ ਐਲਾਨ

### ਮਾਹਿਰਾਂ ਦੀ ਕਮੇਟੀ ਨੇ ਸੁਪਰੀਮ ਕੋਰਟ ਨੂੰ ਆਪਣੀ ਰਿਪੋਰਟ ਸੌਂਪੀ

ਨਵੀਂ ਦਿੱਲੀ-ਮੋਦੀ ਸਰਕਾਰ ਕਿਸਾਨ ਅੰਦੋਲਨ ਨੂੰ ਅੱਖੋਂ ਪਰੋਖਾ ਕਰਦੀ ਹੋਈ 5 ਰਾਜਾਂ ਦੀਆਂ ਚੋਣਾਂ ਵਿਚ ਰੁਝੀ ਹੋਈ ਹੈ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਅੰਦੋਲਨ ਨੂੰ ਹੋਰ ਤੇਜ਼ ਕਰਨ ਤਹਿਤ 10 ਅਪ੍ਰੈਲ ਨੂੰ ਕੇ ਐਮ ਪੀ ਵੇਅ ਨੂੰ ਜਾਮ ਕਰਨ ਅਤੇ ਮਈ ਵਿਚ ਸੰਸਦ ਵਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਲਏ ਗਏ ਫੈਸਲੇ ਤਹਿਤ 10 ਅਪਰੈਲ ਨੂੰ ਕੇ ਐੱਮ ਪੀ

(ਬਾਕੀ ਸਫ਼ਾ 10 'ਤੇ)




GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

## ਦਿੱਲੀ ਸਿੱਖ ਗੁਰਦੁਆਰਾ ਚੋਣਾਂ 25 ਅਪ੍ਰੈਲ ਨੂੰ

### ਸ਼੍ਰੋਮਣੀ ਅਕਾਲੀ ਦਲ ਨੂੰ ਚੋਣਾਂ ਲੜਨ ਦੀ ਇਜਾਜ਼ਤ, ਬਾਲਟੀ ਚੋਣ ਨਿਸ਼ਾਨ ਅਲਾਟ

ਨਵੀਂ ਦਿੱਲੀ (ਦਿਓਲ)-ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਬਾਲਟੀ ਚੋਣ ਨਿਸ਼ਾਨ ਅਲਾਟ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਗੁਰਦੁਆਰਾ ਚੋਣ ਡਾਇਰੈਕਟੋਰੇਟ ਨੇ 25 ਅਪਰੈਲ ਨੂੰ ਹੋਣ ਵਾਲੀਆਂ ਚੋਣਾਂ ਸਬੰਧੀ ਨੋਟੀਫਿਕੇਸ਼ਨ 'ਚ ਅਕਾਲੀ ਦਲ ਨੂੰ ਚੋਣ ਨਿਸ਼ਾਨ ਅਲਾਟ ਨਹੀਂ ਕੀਤਾ ਸੀ, ਜਦੋਂਕਿ ਛੇ ਹੋਰ ਪਾਰਟੀਆਂ ਨੂੰ ਚੋਣ ਲੜਨ ਦੇ ਯੋਗ ਦੱਸਿਆ ਗਿਆ ਸੀ। ਆਖਿਆ ਜਾ ਰਿਹਾ ਸਿੱਖਾਂ ਦੀਆਂ ਧਾਰਮਿਕ ਸਫ਼ਾਂ ਨਾਲ ਜੁੜਿਆ ਮਸਲਾ ਮੀਡੀਆ 'ਤੇ ਭਖਣ ਕਰਕੇ ਦਿੱਲੀ ਸਰਕਾਰ ਨੂੰ ਬੈਕਫੁੱਟ 'ਤੇ ਆਉਣਾ ਪਿਆ। ਚੋਣ ਨਿਸ਼ਾਨ ਅਲਾਟ ਨਾ ਹੋਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਮਿਸ਼ਨ ਵੱਲੋਂ ਪਾਰਟੀ ਨੂੰ ਚੋਣ ਨਿਸ਼ਾਨ ਨਾ ਅਲਾਟ ਕਰਨ ਕਰਕੇ 3 ਅਪਰੈਲ ਨੂੰ ਅਕਾਲੀ ਦਲ ਦੀ ਕੋਰ ਕਮੇਟੀ ਮੀਟਿੰਗ ਬੁਲਾ ਲਈ ਸੀ। ਇਸ ਤੋਂ ਪਹਿਲਾਂ ਜਿਹੜੀਆਂ ਪਾਰਟੀਆਂ ਨੂੰ ਚੋਣ ਲੜਨ ਦੀ ਇਜਾਜ਼ਤ ਦਿੱਤੀ ਗਈ ਸੀ ਉਨ੍ਹਾਂ ਵਿੱਚ ਪੰਥਕ ਸੇਵਾ ਦਲ, ਆਮ ਅਕਾਲੀ ਦਲ, ਜਾਗੋ ਜਗ ਆਸਰਾ ਗੁਰੂ ਓਟ (ਜਥੇਦਾਰ ਸੰਤੋਖ ਸਿੰਘ), ਪੰਥਕ ਅਕਾਲੀ ਲਹਿਰ, ਸਿੱਖ ਸਦਭਾਵਨਾ ਦਲ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸ਼ਾਮਲ ਸਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐੱਸਜੀਐੱਮਸੀ) ਦੀਆਂ ਚੋਣਾਂ 25 ਅਪਰੈਲ ਨੂੰ ਹੋਣਗੀਆਂ। ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ ਉਮੀਦਵਾਰ 7 ਅਪਰੈਲ ਤੱਕ ਨਾਮਜ਼ਦਗੀ ਪੱਤਰ ਦਾਖਲ ਕਰ ਸਕਦੇ ਹਨ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 8 ਅਪਰੈਲ ਨੂੰ ਕੀਤੀ ਜਾਏਗੀ ਅਤੇ ਉਮੀਦਵਾਰਾਂ ਲਈ ਨਾਂ ਵਾਪਸੀ ਦੀ ਆਖਰੀ ਤਰੀਕ 10 ਅਪਰੈਲ ਹੈ। ਵੋਟਾਂ ਦੀ ਗਿਣਤੀ 28 ਅਪਰੈਲ ਨੂੰ ਕੀਤੀ ਜਾਏਗੀ।

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਕੀ ਸੀ ਨੌਰਥ ਵੈਨਕੂਵਰ ਲਾਇਬਰੇਰੀ ਦੇ ਬਾਹਰ ਛੁਰੇਬਾਜ਼ੀ ਕਰਨ ਵਾਲੇ ਦਾ ਮਨੋਰਥ ?

ਵੈਨਕੂਵਰ-ਨੌਰਥ ਵੈਨਕੂਵਰ ਲਾਇਬਰੇਰੀ ਦੇ ਬਾਹਰ ਆਮ ਲੋਕਾਂ 'ਤੇ ਚਾਕੂ ਨਾਲ ਹਮਲਾ ਕਰਨ ਜਿਸ ਵਿਚ ਇਕ ਔਰਤ ਦੀ ਮੌਤ ਹੋ ਗਈ ਅਤੇ 7 ਹੋਰ ਜ਼ਖ਼ਮੀ ਹੋ ਗਏ ਸਨ ਵਾਲੇ ਵਿਅਕਤੀ ਦਾ ਹਮਲਾ ਕਰਨ ਦਾ ਮਨੋਰਥ ਅਜੇ ਵੀ ਬੁਝਾਰਤ ਬਣਿਆਂ ਹੋਇਆ ਹੈ। ਘਟਨਾ ਤੋਂ ਸ਼ੋਕ ਗ੍ਰਸਤ ਲੋਕਾਂ ਨੇ ਲਿਨ ਵਿਖੇ ਆਰਜ਼ੀ ਯਾਦਗਾਰ ਵਿਖੇ ਫੁੱਲ ਭੇਂਟ ਕੀਤੇ। ਇੰਸਪੈਕਟਰ ਮਿਸ਼ਲੇ ਟਾਂਸੀ ਜਿਹੜੇ ਇੰਟੀਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੀ ਐਕਟਿੰਗ ਹੈੱਡ ਹਨ ਨੇ ਕਿਹਾ ਕਿ ਇਸ ਪਾਗਲਪਨ ਵਾਲੀ ਹਿੰਸਾ ਪਿੱਛੇ ਕਾਰਨ ਅਜੇ ਵੀ ਭੇਦ ਬਣੇ ਹੋਏ ਹਨ। 28 ਸਾਲਾ ਡੈਨਿਕ ਬੰਡਾਓਗੋ ਜਿਸ ਦਾ ਕੋਈ ਪੱਕਾ ਪਤਾ ਨਹੀਂ ਨੂੰ ਆਪਣੇ ਆਪ ਦੇ ਚਾਕੂ ਮਾਰਨ ਪਿੱਛੋਂ ਸਨਿਚਰਵਾਰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਸੀ। ਉਹ ਸੋਮਵਾਰ ਨੌਰਥ ਵੈਨਕੂਵਰ ਪ੍ਰੋਵਿੰਸ਼ੀਅਲ ਕੋਰਟ ਵਿਚ ਵੀਡੀਓ ਰਸਤੇ ਪੇਸ਼ ਹੋਇਆ ਅਤੇ ਉਸ ਨੂੰ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਇਸ ਗੱਲ ਦਾ ਪਤਾ ਲਾਉਣ ਦਾ ਯਤਨ ਕਰ ਰਹੀ ਹੈ ਕਿ ਉਹ ਲਾਇਬਰੇਰੀ ਜਿਹੜੀ ਕਿਤਾਬਾਂ ਦੀ ਵਿਕਰੀ ਲਈ ਸਨਿਚਰਵਾਰ ਖੁਲ੍ਹਦੀ ਹੈ ਵਿਖੇ ਆਉਣ ਤੋਂ ਪਹਿਲਾਂ ਕਿਥੇ ਸੀ। ਟਾਂਸੀ ਨੇ ਕਿਹਾ ਕਿ ਬੰਡਾਓਗੋ ਦੀ ਕਿਊਬਕ ਵਿਚ ਅਪਰਾਧਿਕ ਪਿਛੋਕੜ ਰਿਹਾ ਹੈ ਅਤੇ ਚਾਕੂ ਮਾਰਨ ਦੀ ਘਟਨਾ ਸਮੇਂ ਉਸ ਦੇ ਖਿਲਾਫ ਕਿਊਬਕ ਤੇ ਮਨੀਟੋਬਾ ਵਿਚ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਸਨ। ਅਸੀਂ 50 ਲੋਕਾਂ ਤੋਂ ਪੁੱਛਗਿੱਛ ਕੀਤੀ ਹੈ ਅਤੇ ਸਾਰੇ 6 ਪੀੜਤਾਂ ਨਾਲ ਗੱਲਬਾਤ ਕੀਤੀ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਕੋਲ ਘਟਨਾ ਬਾਰੇ ਵੀਡੀਓ ਹੋਵੇ ਤਾਂ ਉਹ ਸੰਪਰਕ ਕਰੇ।


BUSY BOYS
ELECTRICAL LTD.

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation

C: 604.837.3101
O: 778.590.5906

#111-8132 130th St., Surrey BC
busyboyselectrical@gmail.com
www.busyboyselectrical.com

ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਫੋਨ ਕਰੋ




## ਰੱਖਿਆ ਮੰਤਰੀ ਸੱਜਣ ਵੱਲੋਂ ਪਹਿਲੀ ਵਿਸ਼ਵ ਜੰਗ 'ਚ ਸੇਵਾ ਕਰਨ ਵਾਲੀ ਇਕਲੌਤੀ ਬਲੈਕ ਯੂਨਿਟ ਨੂੰ ਸ਼ਰਧਾਂਜਲੀ

ਓਟਵਾ-ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਪਹਿਲੀ ਵਿਸ਼ਵ ਜੰਗ ਦੌਰਾਨ ਸੇਵਾ ਨਿਭਾਉਣ ਵਾਲੀ ਕੈਨੇਡਾ ਦਾ ਇਕਲੌਤੀ ਸਾਰੀ ਕਾਲੇ ਲੋਕਾਂ ਦੀ ਯੂਨਿਟ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਨੰਬਰ 2 ਕੰਸਟਰਕਸ਼ਨ ਬਟਾਲੀਅਨ ਦੇ 600 ਮੈਂਬਰਾਂ ਤੇ ਉਨ੍ਹਾਂ ਦੇ ਵੰਸ਼ਜ ਵਲੋਂ ਸੇਵਾ ਕਰਨ ਲਈ ਤਿਆਰ ਹੋਣ ਦੇ ਬਾਵਜੂਦ ਨਸਲਵਾਦ ਦਾ ਸਾਹਮਣਾ ਕਰਨ ਬਦਲੇ ਉਨ੍ਹਾਂ ਤੋਂ ਮੁਆਫੀ ਮੰਗਣੀ ਬਣਦੀ ਹੈ। ਸੱਜਣ ਨੇ ਦੱਸਿਆ ਕਿ ਓਟਵਾ ਤੋਂ ਰਸਮੀ ਮੁਆਫੀ ਲਈ ਵਰਚੂਅਲ ਪ੍ਰੋਗਰਾਮ ਦੀਆਂ ਯੋਜਨਾਵਾਂ ਚਲ ਰਹੀਆਂ ਹਨ ਜਿਸ ਵਿਚ ਇਸ ਹਕੀਕਤ ਨੂੰ ਦੱਸਿਆ ਜਾਵੇਗਾ ਕਿ 1914 ਵਿਚ ਕੈਨੇਡਾ ਵਿਚ ਸੈਂਕੜੇ ਕਾਲੇ ਲੋਕਾਂ ਨੂੰ ਉਸ ਸਮੇਂ ਵਾਪਸ ਮੋੜ ਦਿੱਤਾ ਜਦੋਂ ਉਹ ਵਿਦੇਸ਼ਾਂ ਵਿਚ ਲੜਨ ਲਈ ਸਵੈ-ਇੱਛਾ ਨਾਲ ਅੱਗੇ ਆਏ ਸਨ। ਬ੍ਰਿਟਿਸ਼ ਕੋਲੰਬੀਆ ਤੋਂ ਇਕ ਸੰਖੇਪ ਭਾਸ਼ਣ ਵਿਚ ਉਨ੍ਹਾਂ ਕਿਹਾ ਕਿ ਉਹ ਸਵੈਇੱਛਾ ਨਾਲ ਸਾਡੇ ਦੇਸ਼ ਲਈ ਅੱਗੇ ਆਏ ਪਰ ਕਾਲੀ ਚਮੜੀ ਕਾਰਨ ਉਨ੍ਹਾਂ ਨੂੰ ਅਖੌਤੀ ਗੋਰੇ ਲੋਕਾਂ ਦੀ ਜੰਗ ਵਿਚ ਸ਼ਾਮਿਲ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਸਾਨੂੰ ਪਤਾ ਹੈ ਕਿ ਇਹ ਸਾਡੇ ਇਤਿਹਾਸ ਦੇ ਦੁੱਖਦਾਈ ਹਿੱਸੇ ਹਨ ਅਤੇ ਬੇਇਨਸਾਫੀ ਸਾਡੇ ਰਾਸ਼ਟਰ ਦੀਆਂ ਕਦਰਾਂ ਕੀਮਤਾਂ ਦੇ ਉਲਟ ਹੈ। ਇਹ ਸਾਡੇ ਇਤਿਹਾਸ ਦਾ ਹਿੱਸਾ ਹਨ ਜਿਸ ਨੂੰ ਸਾਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ। ਇਹ ਗਲਤੀਆਂ ਸਨ ਜਿਸ ਨੂੰ ਸਾਨੂੰ ਸਵੀਕਾਰ ਕਰਨਾ ਤੇ ਉਨ੍ਹਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਦੋ ਸਾਲੇ ਦੇ ਮੁਜ਼ਾਹਰਿਆਂ ਪਿੱਛੋਂ 1916 ਵਿਚ ਕੈਨੇਡੀਅਨ ਫ਼ੌਜ ਨੂੰ ਵੱਖਰੀ ਲੜਾਈ ਨਾ ਕਰਨ ਵਾਲੀ ਬਟਾਲੀਅਨ ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਜਿਸ ਨੂੰ ਕੈਨੇਡੀਅਨ ਐਕਸਪੀਡੀਸ਼ਨਰੀ ਫੋਰਸ ਦੇ ਹਿੱਸੇ ਵਜੋਂ ਸੜਕਾਂ, ਰੇਲਵੇ ਤੇ ਜੰਗਲਾਤ ਦਾ ਕੰਮ ਚਲਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ।


JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Ask for Special Rate for Super Visa Insurance
Money Back upon Visa Declined

Wawanesa Insurance

Call Us Before You Renew / Buy Any Insurance Lien & Accident Search Available



UNI GLOBAL IMMIGRATION
CONSULTING SERVICES LTD.
Your Dream......Our Passion

For All Your Immigration Related Needs

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

# ਕੈਨੇਡਾ ਦਾ ਡਾਲਰ ਸਭ ਤੋਂ ਗੰਦਾ ਅਤੇ ਫਰਾਂਸ ਦੀ ਕਰੰਸੀ ਸਾਫ

ਓਟਵਾ-ਗੈਂਬਲਿੰਗ ਡਾਟ ਕਾਮ ਵਲੋਂ ਕੀਤੇ ਅਧਿਐਨ ਵਿਚ ਪਾਇਆ ਕਿ ਸਾਰੇ ਬੈਂਕ ਨੋਟਸ ਵਿਚੋਂ 95 ਫ਼ੀਸਦੀ ਹਾਨੀਕਾਰਕ ਬੈਕਟੀਰੀਆ ਨਾਲ ਭਰੇ ਹੋਏ ਹੁੰਦੇ ਹਨ ਅਤੇ ਉਨ੍ਹਾਂ ਵਿਚੋਂ ਕੈਨੇਡੀਅਨ ਡਾਲਰ ਨੋਟ ਸਭ ਨਾਲੋਂ ਗੰਦੇ ਹਨ। ਮਾਈਕੋਰੋਬਾਇਓਲੋਜਿਸਟ ਨੇ ਵਿਸ਼ਵ ਭਰ ਵਿਚ ਸਭ ਤੋਂ ਵੱਧ ਵਰਤੀਆਂ ਜਾਂਦੀਆਂ 20 ਕਰੰਸੀਆਂ ਦੇ ਨਮੂਨੇ ਲਏ ਅਤੇ ਕੈਨੇਡੀਅਨ ਡਾਲਰ ਨੋਟਾਂ 'ਤੇ 209 ਮਾਈਕਰੋਬ ਕੋਲੋਨੀਆਂ ਪਾਈਆਂ ਗਈਆਂ ਹਨ।



ਕੈਨੇਡੀਅਨ ਕਰੰਸੀ 'ਤੇ ਮਿਲੇ ਬੈਕਟੀਰੀਆ ਵਿਚ ਬੈਸੀਲਸ ਸੀ ਜਿਹੜਾ ਇਕ ਸੂਖਮ ਜੀਵ ਹੁੰਦਾ ਹੈ ਜਿਸ ਨਾਲ ਫੂਡ ਪੁਆਇਜ਼ਨਿੰਗ, ਸਾੜਾ ਹੋ ਸਕਦੈ ਹੈ ਅਤੇ ਵਿਲੱਖਣ ਮਾਮਲਿਆਂ ਵਿਚ ਐਂਥਰੈਕਸ ਤੇ ਬੇਕਰਸ ਯੈਸਟ ਬੈਕਟੀਰੀਆ ਹੋ ਸਕਦਾ ਹੈ ਜਿਸ ਨਾਲ ਨਮੂਨੀਆਂ ਤੇ ਪਿਸ਼ਾਬ ਨਾਲੀ ਦੀ ਲਾਗ ਦਾ ਕਾਰਨ ਬਣ ਸਕਦਾ ਹੈ। ਕਰੰਸੀ ਨੋਟਾਂ 'ਤੇ ਰਾਈਜ਼ੋਪਸ ਵੀ ਮਿਲਿਆ ਜਿਹੜਾ ਆਮ ਤੌਰ 'ਤੇ ਉੱਲੀ ਦੀ ਲਾਗ ਦਾ ਕਾਰਨ ਹੁੰਦਾ ਹੈ। ਪੈਸਿਆਂ ਨੂੰ ਸੰਭਾਲਣ ਪਿੱਛੋਂ ਸਾਡਾ ਮਹਾਂਮਾਰੀ ਦੇ ਰੂਟੀਨ ਦਾ ਹਿੱਸਾ ਹੱਥ ਧੋਣਾ ਇਕ ਵਧੀਆ ਵਿਚਾਰ ਹੈ। ਸੂਚੀ ਵਿਚ ਅਮਰੀਕੀ ਡਾਲਰ ਨੂੰ 11ਵਾਂ ਸਥਾਨ ਮਿਲਿਆ ਜਿਸ 'ਤੇ ਪੰਜ ਸੂਖਮ ਕੋਲੋਨੀਆਂ ਪਾਈਆਂ ਗਈਆਂ। ਇਹ ਬੈਕਟੀਰੀਆ ਅੱਖਾਂ ਵਿਚ ਜਲਣ ਦਾ ਕਾਰਨ ਬਣ ਸਕਦਾ ਹੈ ਅਤੇ ਲੋਕਾਂ ਨੂੰ ਸਾਹ ਦੀਆਂ ਗੰਭੀਰ ਸਮੱਸਿਆਵਾਂ ਵੀ ਹੋ ਸਕਦੀਆਂ ਹਨ। ਫਰਾਂਸ ਦੀ ਕਰੰਸੀ ਸਭ ਤੋਂ ਸਾਫ ਪਾਈ ਗਈ ਅਤੇ ਉਸ ਉੱਪਰ ਕੋਈ ਬੈਕਟੀਰੀਆ ਨਹੀਂ ਮਿਲਿਆ।

# ਬੀ.ਸੀ. ਨੂੰ ਸਮਗਲ ਹੋਈ ਇਕ ਟਨ ਅਫੀਮ ਫੜੀ

ਵੈਨਕੂਵਰ-ਕੈਨੇਡੀਅਨ ਬਾਰਡਰ ਅਧਿਕਾਰੀਆਂ ਨੇ ਬੀਸੀ ਨੂੰ ਸਮਗਲ ਹੋ ਕੇ ਆ ਰਹੀ ਲਗਪਗ ਇਕ ਟਨ (ਦਸ ਕੁਵਿੰਟਲ) ਅਫੀਮ



ਫੜੀ ਹੈ ਜਿਸਦੀ ਕੌਮਾਂਤਰੀ ਮਾਰਕੀਟ ਵਿਚ 10 ਮਿਲੀਅਨ ਡਾਲਰ ਕੀਮਤ ਦੱਸੀ ਗਈ ਹੈ। ਕੈਨੇਡਾ ਬਾਰਡਰ ਏਜੰਸੀ ਅਤੇ ਆਰਸੀਐਮਪੀ ਵਲੋਂ ਇਕ ਸਾਂਝੀ ਕਾਰਵਾਈ ਦੌਰਾਨ ਦੋ ਕਨਟੇਨਰਾਂ ਦੀ ਕੀਤੀ ਗਈ ਜਾਂਚ ਪੜਤਾਲ ਦੌਰਾਨ ਉਕਤ ਅਫੀਮ ਫੜੀ ਗਈ। ਫਰਵਰੀ ਵਿਚ ਕੈਨਡਾ ਬਾਰਡਰ ਸਰਵਸਿਜ਼ ਏਜੰਸੀ (ਸੀਬੀਐਸਏ) ਤੇ ਆਰਸੀਐਮਪੀ ਨੇ ਡੈਲਟਾ ਬੰਦਰਗਾਹ 'ਤੇ ਦੋ ਮਾਲ ਕੰਟੇਨਰਾਂ ਦੀ ਤਲਾਸ਼ੀ ਲਈ ਸੀ ਅਤੇ ਸ਼ੱਕੀ ਅਫੀਮ ਦੇ 2500 ਪੈਕੇਟ ਬਰਾਮਦ ਕੀਤੇ ਸਨ ਅਤੇ ਹਰੇਕ ਪੈਕੇਟ ਵਿਚ 400 ਗ੍ਰਾਮ ਸ਼ੱਕੀ ਅਫੀਮ ਸੀ। ਕਥਿਤ ਸਮਗਲਰਾਂ ਦੀ ਸੂਹ ਮਿਲਣ ਤੋਂ ਬਿਨ੍ਹਾਂ ਤਲਾਸ਼ੀ ਲਈ ਗਈ ਸੀ। ਇਸ ਮਾਮਲੇ ਵਿਚ ਤਸਕਰਾਂ ਨੂੰ ਫੜਨ ਲਈ ਆਰਸੀਐਮਪੀ ਤੇ ਸੀਬੀਐਸਏ ਦੇ ਮੈਟਰੋ ਵੈਨਕੂਵਰ ਮੈਰੀਨ ਆਪਰੇਸ਼ਨ ਯੂਨਿਟ ਨੇ ਚਾਲ ਖੇਡੀ। ਉਨ੍ਹਾਂ ਨੇ ਅਸਲੀ ਅਫੀਮ ਚੁੱਕ ਕੇ ਇਸ ਦੀ ਥਾਂ ਨਕਲੀ ਪਦਾਰਥ ਰੱਖ ਦਿੱਤਾ ਅਤੇ ਕੰਟੇਨਰਾਂ ਨੂੰ ਕਿਸੇ ਵਲੋਂ ਲੈ ਕੇ ਜਾਣ ਤਕ ਇੰਤਜ਼ਾਰ ਕੀਤਾ। 12 ਫਰਵਰੀ ਨੂੰ ਇਹ ਕੰਟੇਨਰ ਚੁੱਕ ਕੇ ਸਰੀ ਵਿਚ ਇਕ ਵੇਅਰਹਾਊਸ ਵਿਖੇ ਲਿਜਾਏ ਗਏ। ਪੁਲਿਸ ਨੇ ਖੇਪ ਦਾ ਪਿੱਛਾ ਕਰਕ ਵੇਅਰਹਾਊਸ ਵਿਖੇ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਨ੍ਹਾਂ ਵਿਚੋਂ ਇਕ ਵੈਨਕੂਵਰ ਤੇ ਚਾਰ ਓਨਟਾਰੀਓ ਨਾਲ ਸਬੰਧਤ ਹਨ। ਛੇਵਾਂ ਵਿਅਕਤੀ ਗ੍ਰਿਫ਼ਤਾਰੀ ਤੋਂ ਬਚ ਗਿਆ ਤੇ ਮੌਕੇ ਤੋਂ ਦੌੜ ਗਿਆ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੇ ਨਾਂਅ ਨਹੀਂ ਦੱਸੇ ਗਏ ਕਿਉਂਕਿ ਅਜੇ ਦੋਸ਼ ਆਇਦ ਨਹੀਂ ਕੀਤੇ ਗਏ। ਆਰਸੀਐਮਪੀ ਦੀ ਫੈਡਰਲ ਸੀਰੀਅਸ ਤੇ ਸੰਗਠਿਤ ਅਪਰਾਧ ਡਵੀਜ਼ਨ (ਐਫਐਸਓਸੀ) ਲਗਾਤਾਰ ਜਾਂਚ ਕਰ ਰਿਹਾ ਹੈ।

# ਮਹਾਂਮਾਰੀ ਟਰੈਵਲ ਨਿਯਮ ਕਾਰਨ ਕੈਨੇਡੀਅਨ ਸਕੂਲਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਘੱਟ ਪੁੱਜੇ

ਓਟਵਾ-ਪਿਛਲੇ ਮਹੀਨੇ ਕੈਨੇਡਾ ਵਲੋਂ ਦੇਸ਼ ਵਿਚ ਦਾਖਲ ਹੋਣ ਦੇ ਵਿਕਲਪਾਂ ਨੂੰ ਸਿਰਫ ਚਾਰ ਹਵਾਈ ਅੱਡਿਆਂ ਤਕ ਸੀਮਤ ਕਰਨ ਅਤੇ ਅੰਤਰਰਾਸ਼ਟਰੀ ਯਾਤਰੀਆਂ ਨੂੰ ਆਪਣੇ ਪੱਲਿਓਂ ਪੈਸੇ ਖਰਚ ਕੇ ਲਾਜ਼ਮੀ ਹੋਟਲ ਕੁਆਰਨਟੀਨ ਹੋਣ ਦੀ ਸ਼ਰਤ ਕਾਰਨ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਕੈਨੇਡਾ ਵਿਚ ਪੜ੍ਹਾਈ ਦੀਆਂ ਆਪਣੀਆਂ ਯੋਜਨਾਵਾਂ ਅੱਗੇ ਪਾ ਦਿੱਤੀਆਂ ਜਾਂ ਰੱਦ ਕਰ ਦਿੱਤੀਆਂ ਹਨ। ਕਾਲਜ ਐਂਡ ਇੰਸਟੀਚਿਊਟਸ ਕੈਨੇਡਾ ਦੀ ਚੀਫ਼ ਐਗਜ਼ੈਕਟਿਵ ਅਫਸਰ ਡੇਨਾਈਸ ਐਮੀਓਟ ਨੇ ਕਿਹਾ ਕਿ 2000 ਡਾਲਰ ਦਾ ਹੋਟਲ ਬਿੱਲ ਕਈ ਵਿਦਿਆਰਥੀਆਂ ਦੇ ਇਕ ਸਮੈਸਟਰ ਦੀ ਅੱਧੀ ਫੀਸ ਹੈ। ਉਨ੍ਹਾਂ ਕੋਲ ਇਸ ਲਈ ਫਾਲਤੂ ਪੈਸੇ ਨਹੀਂ ਹਨ। ਐਮੀਓਟ



ਕਹਿੰਦੀ ਹੈ ਕਿ ਉਦਾਹਰਣ ਦੇ ਤੌਰ 'ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਇਕ ਗਰੁੱਪ ਜੇਕਰ ਨਿਊ ਬਰੁੰਸਵਿਕ ਜਾ ਰਿਹਾ ਹੈ ਅਤੇ ਉਹ ਸ਼ਾਇਦ ਟੋਰਾਂਟੋ ਪਹੁੰਚਦਾ ਹੈ ਜਿਥੇ ਉਹ 14 ਦਿਨ ਕੁਆਰਨਟੀਨ ਦੇ ਹਿੱਸੇ ਵਜੋਂ ਤਿੰਨ ਦਿਨ ਲਈ ਹੋਟਲ ਵਿਚ ਜਾਣਗੇ। ਜਦੋਂ ਉਹ ਦੂਸਰੇ ਸੂਬੇ ਵਿਚ ਜਾਣਗੇ ਤਾਂ ਉਸ ਦੇ ਆਪਣੇ ਨਿਯਮ ਹਨ, ਜਦੋਂ ਉਹ ਬਰੁੰਸਵਿਕ ਪਹੁੰਚਣਗੇ ਤਾਂ ਉਨ੍ਹਾਂ ਨੂੰ ਇਕ ਵਾਰ ਫਿਰ 14 ਦਿਨ ਲਈ ਕੁਆਰਨਟੀਨ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਇਹ ਬਕਵਾਸ ਹੈ ਅਤੇ ਇਸ ਦੀ ਕੋਈ ਤੁਕ ਨਹੀਂ ਬਣਦੀ। ਇਸ ਦਾ ਮਤਲਬ ਸਪਰਿੰਗ ਤੇ ਗਰਮੀਆਂ ਵਿਚ ਸਾਡੇ ਕੋਲ ਵਿਦਿਆਰਥੀਆਂ ਦਾ ਸੋਕਾ ਰਹੇਗਾ। ਐਮੀਓਟ ਨੇ ਕਿਹਾ ਕਿ ਕੈਨੇਡੀਅਨ ਕਾਲਜਾਂ ਵਿਚ 2019-20 ਦੇ ਮੁਕਾਬਲੇ 2020-21 ਅਕਾਦਮਿਕ ਸਾਲ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 20 ਤੋਂ 30 ਫ਼ੀਸਦੀ ਘਟੀ ਹੈ। ਇਹ ਸਾਰੇ ਦੇਸ਼ ਵਿਚ ਵੱਖੋ ਵੱਖਰੀ ਹੈ ਅਤੇ ਸਾਡੇ ਛੋਟੇ ਸ਼ਹਿਰਾਂ ਤੇ ਪੇਂਡੂ ਤੇ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਗਿਣਤੀ ਬਹੁਤ ਜ਼ਿਆਦਾ ਘੱਟ ਹੈ।


ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S Jewellers Ltd.



Authorized Dealer
20% OFF SEIKO, PULSAR ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8



Homeowner • Fleet • Business • Auto • Travel • Boats • Life • Critical • Cargo • Commercial

7 Days a Week! 9 am to 9pm

HOUSE INSURANCE

| HOUSE | CONTENTS | LIABILITY | PREMIUM |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements. Rates subject to change without notice.

Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।




ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ

ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।



JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance

80th Ave. 130th St. 128th St AMC Insurance AirCare

ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca



ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF Berber Installed
Textured Saxony Installed from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਮਮਤਾ ਨੇ ਭਾਜਪਾ ਖ਼ਿਲਾਫ਼ ਇਕਮੁੱਠ ਹੋਣ ਲਈ ਵਿਰੋਧੀ ਧਿਰ ਦੇ ਆਗੂਆਂ ਨੂੰ ਪੱਤਰ ਲਿਖਿਆ

ਨਵੀਂ ਦਿੱਲੀ-ਪੱਛਮੀ ਬੰਗਾਲ ’ਚ ਫਸਵੀਂ ਟੱਕਰ ਦਾ ਸਾਹਮਣਾ ਕਰ ਰਹੀ ਤ੍ਰਿਣਮੂਲ ਕਾਂਗਰਸ ਅਤੇ ਉਸ ਦੀ ਸੁਪਰੀਮੋ ਮਮਤਾ ਬੈਨਰਜੀ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਸਮੇਤ ਹੋਰ ਗ਼ੈਰ-ਭਾਜਪਾਈ ਆਗੂਆਂ ਨੂੰ ਪੱਤਰ ਲਿਖ ਕੇ ਭਾਜਪਾ ਦੇ ਲੋਕਤੰਤਰ ’ਤੇ ‘ਹਮਲੇ’ ਦਾ ਮੁੱਦਾ ਉਠਾਉਂਦਿਆਂ ਦੋਸ਼ ਲਾਇਆ ਹੈ ਕਿ ਆਜ਼ਾਦੀ ਤੋਂ ਬਾਅਦ ਕੇਂਦਰ ਅਤੇ ਸੂਬਿਆਂ ਦੇ ਸਬੰਧਾਂ ’ਚ ਇਸ ਵੇਲੇ ਸਭ ਤੋਂ ਜ਼ਿਆਦਾ ਨਿਘਾਰ ਆਇਆ ਹੈ। ਮਮਤਾ ਵੱਲੋਂ ਲਿਖੀ ਗਈ ਚਿੱਠੀ ਨੂੰ ਭਾਜਪਾ ਦਾ ਵਿਰੋਧ ਕਰਨ ਵਾਲੀਆਂ ਸਾਰੀਆਂ ਪਾਰਟੀਆਂ ਨੂੰ ਆਪਣੇ ਨਾਲ ਇਕਜੁੱਟਤਾ ਦਿਖਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਭਾਜਪਾ ਵੱਲੋਂ ਉਸ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਪੱਛਮੀ ਬੰਗਾਲ ’ਚ ਤਿੱਖਾ ਪ੍ਰਚਾਰ ਕੀਤਾ ਜਾ ਰਿਹਾ ਹੈ। ਮਮਤਾ ਬੈਨਰਜੀ ਨੇ ਸੱਦਾ ਦਿੱਤਾ ਹੈ ਕਿ ਭਾਜਪਾ ਖ਼ਿਲਾਫ਼ ਜੰਗ ’ਚ ਸਾਰੀਆਂ ਪਾਰਟੀਆਂ ਸਹਿਯੋਗ ਦੇਣ ਅਤੇ ਉਹ ਲੋਕਾਂ ਲਈ ਢੁੱਕਵੇਂ ਬਦਲ ਵਜੋਂ ਅੱਗੇ ਆਉਣ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਮਗਰੋਂ ਇਸ ਮੁੱਦੇ ’ਤੇ ਅੱਗੇ ਯੋਜਨਾ ਬਣਾਈ ਜਾ ਸਕਦੀ ਹੈ। ਸੂਬੇ ’ਚ ਦੂਜੇ ਗੇੜ ਦੀਆਂ ਚੋਣਾਂ ਤੋਂ ਪਹਿਲਾਂ ਮਮਤਾ ਬੈਨਰਜੀ ਵੱਲੋਂ ਲਿਖੇ ਗਏ ਪੱਤਰ ਨੂੰ ਤ੍ਰਿਣਮੂਲ ਕਾਂਗਰਸ ਨੇ ਜਾਰੀ ਕੀਤਾ ਹੈ। ਉਨ੍ਹਾਂ ਲਿਖਿਆ ਹੈ ਕਿ ਗ਼ੈਰ-ਭਾਜਪਾਈ ਸੂਬਿਆਂ ’ਚ ਭਗਵਾ ਪਾਰਟੀ ਦੀ ਅਗਵਾਈ



ਹੇਠਲੀ ਕੇਂਦਰ ਸਰਕਾਰ ਦੀਆਂ ਕਾਰਵਾਈਆਂ ਕਾਰਨ ਉਨ੍ਹਾਂ ਨੂੰ ਨੁਕਸਾਨ ਭੁਗਤਣਾ ਪਿਆ ਹੈ। ਮਮਤਾ ਨੇ ਕਿਹਾ, “ਮੈਂ ਇਹ ਪੱਤਰ ਤੁਹਾਨੂੰ ਅਤੇ ਹੋਰ ਗ਼ੈਰ-ਭਾਜਪਾਈ ਪਾਰਟੀਆਂ ਦੇ ਕਈ ਆਗੂਆਂ ਨੂੰ ਲਿਖਿਆ ਹੈ ਤਾਂ ਜੋ ਮੈਂ ਭਾਜਪਾ ਅਤੇ ਉਸ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਵੱਲੋਂ ਲੋਕਤੰਤਰ ਅਤੇ ਸੰਵਿਧਾਨਕ ਸੰਘਵਾਦ ’ਤੇ ਕੀਤੇ ਜਾ ਰਹੇ ਹਮਲਿਆਂ ’ਤੇ ਆਪਣਾ ਫਿਕਰ ਜਤਾ ਸਕਾਂ।” ਉਨ੍ਹਾਂ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਜਾਣ-ਬੁੱਝ ਕੇ ਸੂਬਿਆਂ ਦੇ ਫੰਡ ਰੋਕ ਰਹੀ ਹੈ। ਇਸ ਤੋਂ ਇਲਾਵਾ ਜਾਂਚ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕੌਮੀ ਰਾਜਧਾਨੀ ਖੇਤਰ ਦਿੱਲੀ (ਸੋਧ) ਬਿੱਲ ਸੰਸਦ ਵੱਲੋਂ ਪਾਸ ਕੀਤੇ ਜਾਣ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਇਹ ਘਟਨਾ ਬਹੁਤ ਜ਼ਿਆਦਾ ਫਿਕਰ ਕਰਨ ਵਾਲੀ ਹੈ। ‘ਇਸ ਕਾਨੂੰਨ ਰਾਹੀਂ ਕੇਂਦਰ ਦੀ ਭਾਜਪਾ ਸਰਕਾਰ ਨੇ ਲੋਕਾਂ ਵੱਲੋਂ ਦਿੱਲੀ ’ਚ ਚੁਣੀ ਗਈ ਸਰਕਾਰ ਤੋਂ ਸਾਰੀਆਂ ਤਾਕਤਾਂ ਖੋਹ ਕੇ ਕੇਂਦਰ ਦੇ ਨੁਮਾਇੰਦੇ ਲੈਫ਼ਟੀਨੈਂਟ ਗਵਰਨਰ ਦੇ ਹੱਥਾਂ ’ਚ ਸੌਂਪ ਦਿੱਤੀਆਂ ਹਨ। ਲੈਫ਼ਟੀਨੈਂਟ ਗਵਰਨਰ ਨੂੰ ਦਿੱਲੀ ਦਾ ਅਣਐਲਾਨਿਆ ਵਾਇਸਰਾਏ ਥਾਪ ਦਿੱਤਾ ਗਿਆ ਹੈ ਜੋ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਨੁਮਾਇੰਦੇ ਵਜੋਂ ਕੰਮ ਕਰੇਗਾ।’ ਤਿੰਨ ਪੰਨਿਆਂ ਦੀ ਇਹ ਚਿੱਠੀ ਮਮਤਾ ਬੈਨਰਜੀ ਵੱਲੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਐੱਨਸੀਪੀ ਦੇ ਸ਼ਰਦ ਪਵਾਰ, ਡੀਐੱਮਕੇ ਦੇ ਐੱਮ ਕੇ ਸਟਾਲਿਨ, ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਯਾਦਵ, ਆਰਜੇਡੀ ਦੇ ਤੇਜਸਵੀ ਯਾਦਵ, ਸ਼ਿਵ ਸੈਨਾ ਦੇ ਊਧਵ ਠਾਕਰੇ, ਜੇਐੱਮਐੱਮ ਦੇ ਹੇਮੰਤ ਸੋਰੇਨ, ਆਪ ਦੇ ਅਰਵਿੰਦ ਕੇਜਰੀਵਾਲ, ਬੀਜੇਡੀ ਦੇ ਨਵੀਨ ਪਟਨਾਇਕ, ਵਾਈਐੱਸਆਰ ਕਾਂਗਰਸ ਦੇ ਜਗਨ ਰੈੱਡੀ, ਨੈਸ਼ਨਲ ਕਾਨਫਰੰਸ ਦੇ ਫਾਰੂਕ ਅਬਦੁੱਲਾ, ਪੀਡੀਪੀ ਦੀ ਮਹਿਬੂਬਾ ਮੁਫ਼ਤੀ ਅਤੇ ਸੀਪੀਆਈ (ਐੱਮਐੱਲ) ਦੇ ਦੀਪਾਂਕਰ ਭੱਟਾਚਾਰੀਆ ਨੂੰ ਸੰਬੋਧਨ ਕਰਦਿਆਂ ਲਿਖੀ ਗਈ ਹੈ।

## ਹਾਊਸਿੰਗ ਮਾਰਕੀਟ ਵਿਚ ਕਾਲੇ ਧਨ ਦੀ ਨਿਸ਼ਾਨਦੇਹੀ ਮੁਸ਼ਕਿਲ

ਵੈਨਕੂਵਰ-ਬੀ. ਸੀ. ਸਰਕਾਰ ਵਲੋ ਰੀਅਲ ਇਸਟੇਟ ਮਾਰਕੀਟ ਵਿਚ ਕਾਲੇ ਧਨ ਦੇ ਨਿਵੇਸ਼ ਬਾਰੇ ਕਰਵਾਈ ਜਾ ਰਹੀ ਜਾਂਚ ਵਿਚ ਕਈ ਮੁਸ਼ਕਿਲਾਂ ਹਨ। ਇਹ ਅੰਕੜੇ ਦੇਣੇ ਬਹੁਤ ਮੁਸ਼ਕਿਲ ਹਨ ਕਿ ਇਹ ਪੈਸਾ ਕਿਥੋ ਆਇਆ, ਕਿਵੇ ਵਰਤਿਆ ਅਤੇ ਇਹ ਕੁਲ ਕਿੰਨਾ ਹੈ। ਸੂਬੇ ਦੇ ਜਾਂਚ ਪੈਨਲ ਦੇ ਮੁਖੀ ਮੌਰੀਨ ਮੈਲੋਨੀ ਮੁਤਾਬਿਕ ਸਾਲ 2018 ਵਿਚ ਲਗਪਗ 7 ਅਰਬ ਡਾਲਰ ਕਾਲਾ ਧਨ ਰੀਅਲ ਇਸਟੇਟ ਮਾਰਕੀਟ ਵਿਚ ਲੱਗਾ ਹੋਣ ਦਾ ਅਨੁਮਾਨ ਸੀ ਪਰ ਇਸ ਅਨੁਮਾਨ ਨੂੰ ਸਾਬਿਤ ਕਰਨ ਲਈ ਕੋਈ ਅੰਕੜੇ ਉਪਲਬਧ ਨਹੀ ਹਨ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਉਹ ਇਸ ਕਾਲੇ ਧਨ ਦੇ ਸਰੋਤਾਂ ਦੀ ਜਾਂਚ ਕਰਨ ਤੋ ਅਸਮਰਥ ਹਨ। ਉਹਨਾਂ ਦੇ ਇਸ ਮਾਮਲੇ ਵਿਚ ਹੱਥ ਬੰਨੇ ਹੋਏ ਹਨ। ਰੀਅਲ ਇਸਟੇਟ ਰੈਗੂਲੇਟਰਜ ਦਾ ਵੀ ਇਹੀ ਜਵਾਬ ਹੈ ਕਿ ਉਹਨਾਂ ਦੀ ਹਾਲਤ ਵੀ ਜਾਂਚਕਾਰਾਂ ਤੋ ਵੱਖਰੀ ਨਹੀ। ਇਕ ਅਨੁਮਾਨ ਮੁਤਾਬਿਕ ਪਿਛਲੇ 10 ਸਾਲਾਂ ਵਿਚ ਕੌਮੀ ਪੱਧਰ ’ਤੇ ਮਨੀ ਲਾਂਡਰਿੰਗ ਦੇ 50 ਤੋਂ ਵੀ ਘੱਟ ਦੋਸ਼ ਸਾਬਤ ਹੋਏ ਹਨ। ਇਹੀ ਕਾਰਨ ਮਾਹਿਰ ਯੂਰਪ ਦੀਆਂ ਉਦਾਹਰਣਾਂ ਦਾ ਹਵਾਲਾ ਦਿੰਦੇ ਹਨ।

# ਹੋਲਾ ਮੁਹੱਲਾ ਕੱਢੇ ਜਾਣ ਤੇ ਰੋਕਣ ਤੇ ਹਜ਼ੂਰ ਸਾਹਿਬ ਗੁਰਦੁਆਰੇ ਦੇ ਬਾਹਰ ਹਿੰਸਾ-22 ਗ੍ਰਿਫ਼ਤਾਰ

ਮੁੰਬਈ-ਮਹਾਰਾਸ਼ਟਰ ਦੇ ਨਾਂਦੇੜ ਸਾਹਿਬ ਵਿਚ ਪੁਲੀਸ ਕਰਮੀਆਂ ’ਤੇ ਹਮਲਾ ਕਰਨ ਦੇ ਦੋਸ਼ ਹੇਠ 22 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਘਟਨਾ ਸੋਮਵਾਰ ਸ਼ਾਮ ਨੂੰ ਵਾਪਰੀ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਕਰੋਨਾਵਾਇਰਸ ਕਾਰਨ ਹੋਲਾ ਮਹੱਲਾ ਮੌਕੇ ਨਗਰ ਕੀਰਤਨ ਸਜਾਉਣ ਦੀ ਪ੍ਰਵਾਨਗੀ ਨਾ ਮਿਲਣ ’ਤੇ ਕਿਰਪਾਨਾਂ ਨਾਲ ਲੈਸ ਸਿੱਖਾਂ ਦੀ ਇਕ ਭੀੜ ਨੇ ਸ੍ਰੀ ਹਜ਼ੂਰ ਸਾਹਿਬ ਗੁਰਦੁਆਰੇ ਦੇ ਬਾਹਰ ਪੁਲੀਸ ਮੁਲਾਜ਼ਮਾਂ ਉਤੇ ਹਮਲਾ ਕਰ ਦਿੱਤਾ। ਨਾਂਦੇੜ ਜ਼ਿਲ੍ਹੇ ਦੀ ਵਜ਼ੀਰਾਬਾਦ ਪੁਲੀਸ ਨੇ 74 ਜਣਿਆਂ ਖ਼ਿਲਾਫ਼ ਵੱਖ-ਵੱਖ ਐਫਆਈਆਰ ਦਰਜ ਕੀਤੀ ਹੈ। 500 ਤੋਂ ਵੱਧ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਵੀ ਕੇਸ ਦਰਜ ਕਰ ਲਿਆ ਗਿਆ ਹੈ। ਇਕ ਵਾਇਰਲ ਵੀਡੀਓ ਵਿਚ ਕਿਰਪਾਨਾਂ ਲੈ ਕੇ ਭੀੜ ਗੁਰਦੁਆਰੇ ਵਿਚੋਂ ਬਾਹਰ ਆਉਂਦੀ ਨਜ਼ਰ ਆ ਰਹੀ ਹੈ। ਭੀੜ ਨੇ ਪੁਲੀਸ ਵੱਲੋਂ ਲਾਏ ਬੈਰੀਕੇਡ ਪੁੱਟ ਦਿੱਤੇ ਤੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ। ਹਿੰਸਾ ਵਿਚ 8 ਕਾਂਸਟੇਬਲ ਫੱਟੜ ਹੋਏ ਹਨ। ਤੇ ਛੇ ਵਾਹਨ ਨੁਕਸਾਨੇ ਗਏ ਹਨ। ਫੱਟੜ ਹੋਏ ਇਕ ਪੁਲੀਸ ਕਰਮੀ ਦੀ ਹਾਲਤ ਗੰਭੀਰ ਹੈ। ਪੁਲੀਸ ਗੁਰਦੁਆਰਾ ਕਮੇਟੀ ਨਾਲ ਜੁੜੇ ਕਿਸੇ ਵਿਅਕਤੀ ਦਾ ਹਿੰਸਾ ਵਿਚ ਹੱਥ ਹੋਣ ਸਬੰਧੀ ਵੀ ਜਾਂਚ ਕਰ ਰਹੀ ਹੈ। ਨਾਂਦੇੜ ਰੇਂਜ ਦੇ ਡੀਆਈਜੀ ਨਿਸਾਰ ਤੰਬੋਲੀ ਨੇ ਦੱਸਿਆ ਕਿ 14 ਨੂੰ ਗ੍ਰਿਫਤਾਰ ਕਰ ਕੇ ਹੱਤਿਆ ਦੀ ਕੋਸ਼ਿਸ਼, ਦੰਗਾ-ਫ਼ਸਾਦ ਕਰਨ ਦੇ ਦੋਸ਼ਾਂ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਲਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬਾਕੀ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

### ਗੁਰਦੁਆਰਾ ਕਮੇਟੀ ਨੂੰ ਕਰਾਇਆ ਗਿਆ ਸੀ ਜਾਣੂ-ਪੁਲੀਸ ਅਧਿਕਾਰੀ

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਮਹਾਮਾਰੀ ਦਾ ਫੈਲਾਅ ਮੁੜ ਵਧਣ ਕਾਰਨ ਹੋਲਾ ਮਹੱਲਾ ਮੌਕੇ ਨਗਰ ਕੀਰਤਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਗੁਰਦੁਆਰਾ ਕਮੇਟੀ ਨੂੰ ਜਾਣੂ ਕਰਵਾ ਦਿੱਤਾ ਗਿਆ ਸੀ ਤੇ ਉਨ੍ਹਾਂ ਭਰੋਸਾ ਦਿੱਤਾ ਸੀ ਕਿ ਉਹ ਹਦਾਇਤਾਂ ਦੀ ਪਾਲਣਾ ਕਰਨਗੇ। ਗੁਰਦੁਆਰੇ ਦੇ ਅੰਦਰ ਹੀ ਸਮਾਗਮ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਸੀ। ਪੁਲੀਸ ਅਧਿਕਾਰੀ ਮੁਤਾਬਕ ਜਦ ਨਿਸ਼ਾਨ ਸਾਹਿਬ ਸੋਮਵਾਰ ਸ਼ਾਮ ਕਰੀਬ ਚਾਰ ਵਜੇ ਗੇਟ ਉਤੇ ਲਿਆਂਦਾ ਗਿਆ ਤਾਂ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਵਾਲੇ ਕਈਆਂ ਨੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਤੇ 300 ਨੌਜਵਾਨ ਗੇਟ ਤੋੜ ਕੇ ਬਾਹਰ ਆ ਗਏ, ਬੈਰੀਕੇਡ ਤੋੜ ਦਿੱਤੇ ਅਤੇ ਪੁਲੀਸ ਕਰਮੀਆਂ ਉਤੇ ਹਮਲਾ ਕਰ ਦਿੱਤਾ।


DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

ਸੰਪਰਕ- ਸੰਨੀ ਸੰਧਰ 604-727-2421

# ਬਰੈਂਪਟਨ ਤੋਂ ਕਿਡਨੈਪ ਕੀਤੀ ਗਈ ਲੜਕੀ ਤੇ ਮਸ਼ਕੂਕ ਦਾ ਨਹੀਂ ਲੱਗ ਰਿਹਾ ਥਹੁ-ਪਤਾ

## ਕਿਡਨੈਪਿੰਗ ਵਿੱਚ ਵਰਤੀ ਗਈ ਕਾਰ ਬਰੈਂਪਟਨ ਤੋਂ ਬਰਾਮਦ

ਬਰੈਂਪਟਨ-ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਾਲੇ ਰੰਗ ਦੀ ਹੌਂਡਾ ਸਿਵਿਕ ਮਿਲੀ ਹੈ ਜਿਸਦੀ ਵਰਤੋਂ ਬਰੈਂਪਟਨ ਵਿੱਚ ਸਵੇਰ ਸਮੇਂ ਹੋਈ ਹਿੰਸਕ ਕਿਡਨੈਪਿੰਗ ਵਿੱਚ ਕੀਤੀ ਗਈ। ਪਰ ਮਸ਼ਕੂਕ ਤੇ ਕਿਡਨੈਪ ਕੀਤੀ ਗਈ ਲੜਕੀ ਦਾ ਅਜੇ ਤੱਕ ਕੁੱਝ ਪਤਾ ਨਹੀਂ ਲੱਗਿਆ ਹੈ। ਜਿਸ ਥਾਂ ਤੋਂ ਇਹ ਕਿਡਨੈਪਿੰਗ ਹੋਈ ਉਸ ਥਾਂ ਤੋਂ ਪੰਜ ਕਿਲੋਮੀਟਰ ਦੀ ਦੂਰੀ ਉੱਤੇ ਇਹ ਹੌਂਡਾ ਸਿਵਿਕ ਖਾਲੀ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਇਹ ਘਟਨਾ ਐਤਵਾਰ ਸਵੇਰੇ 3:00 ਵਜੇ ਉਸ ਸਮੇਂ ਵਾਪਰੀ ਜਦੋਂ ਉਨ੍ਹਾਂ ਨੂੰ ਅਜਿਹੀਆਂ ਕਈ ਖਬਰਾਂ ਮਿਲੀਆਂ ਕਿ ਇੱਕ ਵਿਅਕਤੀ ਬਰੈਂਪਟਨ ਦੇ ਘਰ ਦੇ ਬਾਹਰ ਜ਼ੋਰ ਜ਼ੋਰ ਦੀ ਰੌਲਾ ਪਾ ਰਿਹਾ ਹੈ ਤੇ ਦਰਵਾਜ਼ੇ ਭੰਨ੍ਹ ਰਿਹਾ ਹੈ ਜਦੋਂ ਪੁਲਿਸ ਮੇਅਫੀਲਡ ਰੋਡ ਤੇ ਮਿਸੀਸਾਗਾ ਰੋਡ ਇਲਾਕੇ ਵਿੱਚ ਅਡਵੈਂਚਰਾ ਰੋਡ ਉੱਤੇ ਸਥਿਤ ਘਰ ਵਿੱਚ ਪਹੁੰਚੀ ਤਾਂ ਉਨ੍ਹਾਂ ਘਰ ਵਿੱਚੋਂ ਇੱਕ ਮਹਿਲਾ ਦੀਆਂ ਚੀਕਾਂ ਸੁਣੀਆਂ। ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ ਅਨੁਸਾਰ ਪੁਲਿਸ ਘਰ ਵਿੱਚ ਦਾਖਲ ਹੋਈ ਤੇ ਉਨ੍ਹਾਂ ਵੇਖਿਆ ਕਿ ਗੈਰਾਜ ਵਿੱਚ ਇੱਕ ਡਰਾਈਵਰ ਆਪਣੀ ਸੀਟ ਉੱਤੇ ਬੈਠਾ ਹੈ ਤੇ ਇੱਕ ਮਹਿਲਾ ਪਿਛਲੀ ਸੀਟ ਉੱਤੇ ਬੈਠੀ ਹੈ। ਐਸਆਈਯੂ ਵੱਲੋਂ ਜਾਰੀ ਕੀਤੇ ਗਏ ਬਿਆਨ





ਵਿੱਚ ਆਖਿਆ ਗਿਆ ਕਿ ਦੋਵਾਂ ਧਿਰਾਂ ਵਿੱਚ ਬਹਿਸ ਹੋਈ ਤੇ ਫਿਰ ਦੋ ਪੁਲਿਸ ਅਧਿਕਾਰੀਆਂ ਨੇ ਗੱਡੀ ਵਾਲੇ ਪਾਸੇ ਗੋਲੀਆਂ ਚਲਾ ਦਿੱਤੀਆਂ। ਗੱਡੀ ਵਿੱਚ ਬੈਠਾ ਹੋਣ ਕਾਰਨ ਉਹ ਵਿਅਕਤੀ ਮਹਿਲਾ ਨੂੰ ਅੰਦਰ ਲੈ ਕੇ ਹੀ ਗੈਰਾਜ ਤੋਂ ਗੱਡੀ ਭਜਾ ਕੇ ਲੈ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਉਸ ਕਿਡਨੈਪਰ ਨੂੰ ਗੋਲੀ ਲੱਗੀ ਜਾਂ ਨਹੀਂ ਇਸ ਬਾਰੇ ਵੀ ਕੁੱਝ ਪਤਾ ਨਹੀਂ ਲੱਗ ਸਕਿਆ। ਪੁਲਿਸ ਨੇ ਮਸ਼ਕੂਕ ਦੀ ਪਛਾਣ 21 ਸਾਲਾ ਕਵਾਮੀ ਗਾਰਵੁੱਡ ਵਜੋਂ ਕੀਤੀ ਹੈ ਤੇ ਕਿਡਨੈਪ ਹੋਈ 23 ਸਾਲਾ ਮਹਿਲਾ ਦੀ ਪਛਾਣ ਸਲੀਨਾ ?ਉਕ ਵਜੋਂ ਦੱਸੀ ਗਈ ਹੈ। ਇਹ ਵੀ ਦੱਸਿਆ ਗਿਆ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ ਤੇ ਉਨ੍ਹਾਂ ਦੇ ਨਿਜੀ ਸਬੰਧ ਵੀ ਸਨ ਤੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਗਾਰਵੁੱਡ ਹਥਿਆਰਬੰਦ ਤੇ ਖਤਰਨਾਕ ਹੈ। ਦੁਪਹਿਰ ਵਿੱਚ ਪੁਲਿਸ ਨੇ ਦੱਸਿਆ ਕਿ ਪੁਲਿਸ ਗਾਰਵੁੱਡ ਨੂੰ ਜਾਣਦੀ ਹੈ ਤੇ ਉਹ ਜੀਟੀਏ ਵਿੱਚ ਚਾਰ ਵਾਰੰਟਸ ਤਹਿਤ ਵਾਂਟਿਡ ਹੈ। ਉਸ ਖਿਲਾਫ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਵੀ ਵਾਰੰਟ ਜਾਰੀ ਕੀਤਾ ਗਿਆ ਹੈ, ਜੋ ਜੁਲਾਈ 2020 ਵਿੱਚ ਟੋਰਾਂਟੋ ਪੁਲਿਸ ਵੱਲੋਂ ਕੀਤਾ ਗਿਆ ਸੀ।

# ਆਸਟ੍ਰੇਲੀਆ 'ਚ ਆਰਜ਼ੀ ਵੀਜ਼ਾ ਧਾਰਕਾਂ ਦੀ ਵਾਪਸੀ ਹੋਣ ਲੱਗੀ

ਬ੍ਰਿਸਬੇਨ-ਬ੍ਰਿਸਬੇਨ ਵਿੱਚ ਕੋਰੋਨਾ ਮਹਾਮਾਰੀ ਕਾਰਨ ਆਸਟ੍ਰੇਲੀਆ ਵਿੱਚ ਬੀਤੇ ਸਾਲ ਤੋਂ ਲੱਗੀਆਂ ਪਾਬੰਦੀਆਂ ਕਾਰਨ ਦੇਸ਼ ਤੋਂ ਬਾਹਰ ਫਸੇ ਆਰਜ਼ੀ ਵੀਜ਼ਾ ਧਾਰਕਾਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਹਜ਼ਾਰਾਂ ਪ੍ਰਵਾਸੀ ਲੋਕਾਂ ਦੀਆਂ ਆਸਾਂ ਨੂੰ ਬੂਰ ਪੈਂਦਾਜਾਪਿਆ ਹੈ, ਜਦੋਂ ਆਸਟ੍ਰੇਲੀਆ ਦੇ ਇਮੀਗ੍ਰੇਸ਼ਨ, ਸਿਟੀਜ਼ਨਸ਼ਿਪ, ਪ੍ਰਵਾਸੀ ਸੇਵਾਵਾਂ ਅਤੇ ਬਹੁ-ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਐਲੈਕਸ ਹਾਕ ਨੇ ਮੀਡੀਏ ਨੂੰ ਦੱਸਿਆ ਕਿ ਅਸੀਂ ਆਰਜ਼ੀ ਵੀਜ਼ਾ ਧਾਰਕਾਂ ਨੂੰ ਜਲਦੀ ਵਾਪਸ ਦੇਸ਼ ਲਿਆਉਣ ਲਈ ਯੋਜਨਾ ਬਣਾ ਰਹੇ ਹਾਂ। ਐਲੈਕਸ ਹਾਕ ਨੇ ਕਿਹਾ ਕਿ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ ਵਿੱਚ ਆਰਜ਼ੀ ਵੀਜ਼ਾ ਧਾਰਕਾਂ ਦਾ ਬਹੁਤ ਵੱਡਾ ਯੋਗਦਾਨ ਹੈ, ਇਸੇ ਲਈ ਸਰਕਾਰ ਕੋਵਿਡ ਟੀਕਾਕਰਨ ਪ੍ਰੋਗਰਾਮ ਵੀ ਜਲਦੀ ਲਾਗੂ ਕਰ ਰਹੀ ਹੈ ਤਾਂ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਸੈਲਾਨੀਆਂ ਸਮੇਤ ਆਰਜ਼ੀ ਪ੍ਰਵਾਸੀਆਂ ਲਈ ਕੌਮਾਂਤਰੀ ਸਰਹੱਦਾਂ ਨੂੰ ਜਲਦੀ ਖੋਲ੍ਹਿਆ ਜਾ ਸਕੇ। ਤਾਜ਼ਾ ਸਰਕਾਰੀ ਅੰਕੜਿਆਂ ਮੁਤਾਬਕ 10 ਜਨਵਰੀ 2021 ਤੱਕ ਕੁੱਲ 1,64,485 ਵਿਦਿਆਰਥੀ ਵੀਜ਼ਾ ਧਾਰਕ ਆਸਟ੍ਰੇਲੀਆ ਤੋਂ ਬਾਹਰ ਸਨ, ਜਿਨ੍ਹਾਂ ਵਿੱਚੋਂ ਘੱਟੋ-ਘੱਟ 12,740 ਭਾਰਤੀ ਸਨ। ਪ੍ਰਵਾਸ ਮੰਤਰੀ ਦਾ ਬਿਆਨ ਉਸ ਸਮੇਂ ਆਇਆ ਹੈ, ਜਦੋਂ ਗ੍ਰਹਿ ਵਿਭਾਗ ਦੇ ਤਾਜ਼ਾ ਅੰਕੜਿਆਂ ਮੁਤਾਬਕ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਅਰਜ਼ੀਆਂ ਵਿੱਚ ਸਾਲ 2019 ਦੀ ਇਸੇ ਮਿਆਦ ਦੇ ਮੁਕਾਬਲੇ 2020 ਦੇ ਦੂਜੇ ਅੱਧ ਵਿੱਚ 65 ਫੀਸਦੀ ਗਿਰਾਵਟ ਦਰਜ ਹੋਈ ਹੈ। ਸਭ ਤੋਂ ਵੱਡੀ ਗਿਰਾਵਟ ਭਾਰਤ ਤੋਂ ਵੀਜ਼ਾ ਅਰਜ਼ੀਆਂ ਵਿੱਚ ਵੇਖੀ ਗਈ ਹੈ ਜੋ ਵਿਦਿਆਰਥੀਆਂ ਦਾ ਆਸਟ੍ਰੇਲੀਆ ਵਿੱਚ ਚੀਨ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਸਰੋਤ ਹੈ ਹਾਕ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਦੇਸ਼ ਦੀਆਂ ਸਰਹੱਦਾਂ ਮੁੜ ਖੁੱਲ੍ਹਣ ਦੇ ਨਾਲ ਸਾਰੇ ਪ੍ਰਵਾਸੀ ਆਸਟ੍ਰੇਲੀਆ ਮੁੜ ਆਉਣਗੇ। ਆਸਟ੍ਰੇਲੀਆ ਸਟੈਟਿਸਟਿਕਸ ਬਿਊਰੋ ਵੱਲੋਂ ਦਿੱਤੇ ਤਾਜ਼ਾ ਅੰਕੜਿਆਂ ਅਨੁਸਾਰ ਜਨਵਰੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਵਿੱਚ ਭਾਰੀ ਗਿਰਾਵਟ ਆਈ ਹੈ। ਵਿਭਾਗ ਅਨੁਸਾਰ ਪਿਛਲੇ ਸਾਲ ਜਨਵਰੀ ਵਿੱਚ 91,250 ਅੰਤਰਰਾਸ਼ਟਰੀ ਵਿਦਿਆਰਥੀ ਆਸਟ੍ਰੇਲੀਆ ਵਿੱਚ ਆਏ ਸਨ, ਇਸ ਨਾਲ ਅੰਤਰਰਾਸ਼ਟਰੀ ਸਰਹੱਦਾਂ ਬੰਦ ਹੋਣ ਕਰਕੇ ਜਨਵਰੀ ਵਿੱਚ ਸਿਰਫ਼ 360 ਵਿਦਿਆਰਥੀ ਪਹੁੰਚੇ ਹਨ ਅਤੇ2020 ਦੇ ਮੁਕਾਬਲੇ ਇਹ 99।6 ਫੀਸਦੀ ਕਮੀ ਹੈ।ਸਾਲ 2020 ਦੇ ਦੂਜੇ ਅੱਧ ਵਿੱਚ ਭਾਰਤੀ ਵਿਦਿਆਰਥੀਆਂ ਨੇ ਸਿਰਫ਼ 10।549 ਅਰਜ਼ੀਆਂ ਦਿੱਤੀਆਂ ਹਨ। ਗ੍ਰਹਿ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ 2019 ਵਿੱਚ ਇਸ ਸਮੇਂ ਦੀ ਤੁਲਨਾ ਵਿੱਚ ਨਵੀਆਂ ਵਿਦਿਆਰਥੀ ਵੀਜ਼ਾ ਅਰਜ਼ੀਆਂ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਸਾਲ 2019 ਦੇ ਮੁਕਾਬਲੇ ਦਸੰਬਰ 2020 ਵਿੱਚ ਆਸਟਰੇਲੀਆ ਵਿੱਚ ਤਕਰਬੀਨ 6,00,000 ਘੱਟ ਆਰਜ਼ੀ ਵੀਜ਼ਾ ਧਾਰਕ ਹਨ, ਜਿਨ੍ਹਾਂ ਵਿੱਚੋਂ 41,000 ਭਾਰਤੀ ਸਨ, ਜੋ ਕੋਵਿਡ-19 ਮਹਾਮਾਰੀ ਅਤੇ ਅੰਤਰਰਾਸ਼ਟਰੀ ਸਰਹੱਦਾਂ ਦੇ ਬੰਦ ਹੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਆਪਣੇ ਜੱਦੀ ਦੇਸ਼ ਪਰਤੇ ਸਨ। ਵਿਦੇਸ਼ ਅਤੇ ਵਪਾਰ ਵਿਭਾਗ ਦੇ ਅਨੁਸਾਰ ਸੀਮਤ ਕੁਆਰੰਟਾਈਨ ਕਾਰਨ ਵਿਦੇਸ਼ਾਂ ਵਿੱਚ ਫਸੇ ਅੰਦਾਜ਼ਨ 37,000 ਆਸਟ੍ਰੇਲੀਅਨ ਨਾਗਰਿਕ ਤੇ ਸਥਾਈ ਵਸਨੀਕ ਵੀ ਘਰ ਵਾਪਸੀ ਲਈ ਆਸਟਰੇਲੀਆ ਸਰਕਾਰ ਵੱਲ ਵੇਖ ਰਹੇ ਹਨ।

## ਦੇਸ਼ ਧਰੋਹ ਦੇ ਕੇਸ ਵਿੱਚ 12 ਜਣਿਆਂ ਨੂੰ ਉਮਰ ਕੈਦ, ਇੱਕ ਬਰੀ

ਜੈਪੁਰ-ਰਾਜਸਥਾਨ ਦੇ ਜੈਪੁਰ ਜ਼ਿਲ੍ਹੇ ਵਿੱਚਜ਼ਿਲ੍ਹਾ ਅਤੇ ਸੈਸ਼ਨ ਕੋਰਟ ਦੇ ਜੱਜ ਉਮਾਸ਼ੰਕਰ ਵਿਆਸ ਨੇ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਦੇ ਸਲੀਪਰ ਸੈਲ ਨਾਲ ਸਬੰਧਤ ਕੇਸ ਦਾ ਫੈਸਲਾ ਸੁਣਾਉਂਦੇ ਹੋਏ ਸਾਲ 2014 ਵਿੱਚ ਗ੍ਰਿਫ਼ਤਾਰ ਕੀਤੇ ਗਏ 13 ਮੈਂਬਰਾਂ ਵਿੱਚੋਂ 12 ਨੂੰ ਅੱਤਵਾਦੀ ਸਰਗਰਮੀਆਂ ਦੇ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਇੱਕ ਨੂੰ ਬਰੀ ਕਰ ਦਿੱਤਾ ਹੈ। ਦੋਸ਼ੀ ਪਾਏ ਗਏ ਲੋਕਾਂ ਵਿੱਚ ਅਬਦੁਲ ਮਜ਼ੀਦ, ਮੁਹੰਮਦ ਵਾਹਿਦ, ਮੁਹੰਮਦ ਉਮਰ, ਮੁਹੰਮਦ ਆਕਿਬ, ਮੁਹੰਮਦ ਵੱਕਾਰ, ਮੁਹੰਮਦ ਅੰਮਾਰ, ਬਰਕਤ ਅਲੀ, ਮੁਹੰਮਦ ਮਾਰੂਫ, ਅਸ਼ਰਫ ਅਲੀ, ਮੁਹੰਮਦ ਸਾਕਿਬ ਅੰਸਾਰੀ, ਵਕਾਰ ਅਜ਼ਹਰ ਅਤੇ ਮੁਹੰਮਦ ਸੱਜਾਦ ਸ਼ਾਮਲ ਹਨ। ਜੋਧਪੁਰ ਦੇ ਵਸਨੀਕ ਅਸ਼ਰਫ ਇਕਬਾਲ ਨੂੰ ਬਰੀ ਕਰ ਦਿੱਤਾ ਗਿਆ। ਇਨ੍ਹਾਂ ਵਿੱਚੋਂ ਇੱਕ ਬਿਹਾਰ ਦਾ ਹੈ, ਜਦੋਂਕਿ ਬਾਕੀ ਰਾਜਸਥਾਨ ਦੇ ਵਸਨੀਕ ਹਨ।ਐਂਟੀ ਟੈਰਰਿਸਟ ਸਕੁਆਡ (ਏ ਟੀ ਐਸ)ਅਤੇ ਸਪੈਸ਼ਲ ਅਪਰੇਸ਼ਨ ਗਰੁੱਪ (ਐਸ ? ਜੀ) ਨੇ ਇਸ ਮਾਮਲੇ ਵਿੱਚ 177 ਗਵਾਹਾਂ ਦੇ ਬਿਆਨ ਦਰਜ ਕਰਵਾਏ ਅਤੇ 506 ਦਸਤਾਵੇਜ਼ ਪੇਸ਼ ਕੀਤੇ ਸਨ। ਵਰਣਨਯੋਗ ਹੈ ਕਿ ਰਾਜਸਥਾਨ ਵਿੱਚ ਸਿਮੀ ਦੇ ਸਲੀਪਰ ਸੈਲ ਨਾਲ ਸਬੰਧਤ ਇਹ ਲੱਗਭਗ ਸੱਤ ਸਾਲ ਪੁਰਾਣਾ ਕੇਸ ਹੈ। ਦਿੱਲੀ ਵਿੱਚ ਗ੍ਰਿਫ਼ਤਾਰ ਕੀਤੇ ਅੱਤਵਾਦੀਆਂ ਤੋਂ ਮਿਲੀ ਜਾਣਕਾਰੀ ਪਿੱਛੋਂ ਰਾਜਸਥਾਨ ਵਿੱਚ ਏ ਟੀ ਐਸ ਅਤੇ ਐਸ ? ਜੀ ਦੀਆਂ ਟੀਮਾਂ ਨੇ 2014 ਵਿੱਚ ਜੈਪੁਰ, ਸੀਕਰ ਤੇ ਹੋਰ ਜ਼ਿਲ੍ਹਿਆਂ ਵਿੱਚੋਂ 13 ਸ਼ੱਕੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਉੱਤੇ ਦੋਸ਼ ਸੀ ਕਿ ਇਹ ਪਾਬੰਦੀਸ਼ੁਦਾ ਸੰਗਠਨ ਸਿਮੀ ਨਾਲ ਜੁੜੇ ਹੋਏ ਹਨ ਅਤੇ ਰਾਜਸਥਾਨ ਵਿੱਚ ਅੱਤਵਾਦੀ ਸਰਗਰਮੀਆਂ ਲਈ ਬੰਬ ਆਦਿ ਬਣਾਉਣ ਦੇ ਕੰਮ ਵਿੱਚ ਲੱਗੇ ਹੋਏ ਸਨ।

## ਕੋਵਿਡ-19 ਆਊਟਬ੍ਰੇਕ ਕਾਰਨ ਟੀ ਪੀ ਐਚ ਨੇ 3 ਸਕੂਲ ਕੀਤੇ ਬੰਦ

ਟੋਰਾਂਟੋ-ਟੋਰਾਂਟੋ ਪਬਲਿਕ ਹੈਲਥ (ਟੀ ਪੀ ਐਚ) ਵੱਲੋਂ ਕਰੋਨਾਵਾਇਰਸ ਆਊਟਬ੍ਰੇਕ ਕਾਰਨ ਤਿੰਨ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਟੀ ਪੀ ਐਚ ਨੇ ਆਖਿਆ ਕਿ ਸਕਾਰਬੌਰੋ ਵਿੱਚ ਸੇਂਟ ਡੌਮੀਨਿਕ ਸੈਵੀ ? ਕੈਥੋਲਿਕ ਸਕੂਲ, ਨੌਰਥ ਯੌਰਕ ਦੇ ਬ੍ਰਾਇਨ ਪਬਲਿਕ ਸਕੂਲ ਤੇ ਵਿਕਟੋਰੀਆ ਵਿਲੇਜ ਪਬਲਿਕ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਆਰਜ਼ੀ ਤੌਰ ਉੱਤੇ ਸਕੂਲ ਨਾ ਆਉਣ ਦੀ ਹਦਾਇਤ ਦਿੱਤੀ ਗਈ ਹੈ। ਟੀਪੀਐਚ ਨੇ ਆਖਿਆ ਕਿ ਸਕੂਲ ਸੋਮਵਾਰ ਤੋਂ ਬੰਦ ਕੀਤੇ ਜਾਣਗੇ। ਐਤਵਾਰ ਸ਼ਾਮ ਨੂੰ ਕੀਤੇ ਗਏ ਟਵੀਟ ਵਿੱਚ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਨੇ ਆਖਿਆ ਕਿ ਜਦੋਂ ਤੱਕ ਟੀ ਪੀ ਐਚ ਜਾਂਚ ਨਹੀਂ ਕਰ ਲੈਂਦੀ ਉਦੋਂ ਤੱਕ ਬ੍ਰਾਇਨ ਪਬਲਿਕ ਸਕੂਲ ਤੇ ਵਿਕਟੋਰੀਆ ਵਿਲੇਜ ਪਬਲਿਕ ਸਕੂਲ ਦੇ ਵਿਦਿਆਰਥੀ ਰਿਮੋਟ ਲਰਨਿੰਗ ਹੀ ਕਰਨਗੇ।






## ਸੰਪਾਦਕੀ

# ਰੀਅਲ ਇਸਟੇਟ ਮਾਰਕੀਟ ਵਿਚ ਅਣਕਿਆਸੀ ਤੇਜ਼ੀ

**ਸੁਖਵਿੰਦਰ ਸਿੰਘ ਚੋਹਲਾ**

ਕੋਵਿਡ ਮਹਾਂਮਾਰੀ ਦੇ ਚਲਦਿਆਂ ਜਦੋਂਕਿ ਵਧੇਰੇ ਕਾਰੋਬਾਰ ਠੱਪ ਹਨ ਜਾਂ ਘਾਟੇ ਵਿਚ ਚੱਲ ਰਹੇ ਹਨ। ਲੋਕ ਬੇਕਾਰੀ ਦੀ ਮਾਰ ਝੱਲ ਰਹੇ ਹਨ। ਸਰਕਾਰ ਵਲੋਂ ਵਿੱਤੀ ਸਹਾਇਤਾ ਪ੍ਰੋਗਰਾਮਾਂ ਦੀ ਮਿਆਦ ਵਿਚ ਵਾਧਾ ਕੀਤਾ ਜਾ ਰਿਹਾ ਹੈ। ਆਰਥਿਕ ਮਾਹਿਰਾਂ ਮੁਤਾਬਿਕ ਮੁਲਕ ਦੇ ਆਰਥਿਕ ਸੰਕਟ ਵਿਚੋਂ ਉਭਰਨ ਦੀ 2024 ਤੱਕ ਉਮੀਦ ਕੀਤੀ ਜਾ ਸਕਦੀ ਹੈ। ਕੋਵਿਡ ਵੈਕਸੀਨ ਦੀ ਆਮਦ ਅਤੇ ਟੀਕਾਕਰਣ ਦੀ ਮੁਹਿੰਮ ਤੋ ਆਰਥਿਕਤਾ ਦੇ ਜਲਦ ਸੰਭਲਣ ਦੀ ਉਮੀਦ ਬਣੀ ਸੀ ਪਰ ਵੈਕਸੀਨੇਸ਼ਨ ਵਿਚ ਦੇਰੀ ਅਤੇ ਵੈਰੀਐਂਟ ਲਹਿਰ ਕਾਰਣ ਇਹਨਾਂ ਉਮੀਦਾਂ ਨੂੰ ਕਾਫੀ ਨੁਕਸਾਨ ਪੁੱਜਾ ਹੈ।

ਕੋਵਿਡ ਮਹਾਂਮਾਰੀ ਦੇ ਸਾਏ ਹੇਠ ਮੁਲਕ ਦੀ ਆਰਥਿਕਤਾ ਦੀ ਡਾਵਾਂਡੋਲ ਸਥਿਤੀ ਤਾਂ ਹੈ ਪਰ ਦੂਸਰੇ ਪਾਸੇ ਰੀਅਲ ਇਸਟੇਟ ਮਾਰਕੀਟ ਵਿਚ ਅਣਕਿਆਸੇ ਉਛਾਲ ਨੇ ਆਮ ਲੋਕਾਂ ਨੂੰ ਆਚੰਭਿਤ ਕਰ ਛੱਡਿਆ ਹੈ।

ਟੋਰਾਂਟੋ ਅਤੇ ਵੈਨਕੂਵਰ ਵਰਗੇ ਮਹਾਂਨਗਰਾਂ ਵਿਚ ਤਾਂ ਰਿਹਾਇਸ਼ੀ ਘਰਾਂ ਦੀਆਂ ਕੀਮਤਾਂ ਅਸਮਾਨ ਛੋਹਣ ਲੱਗੀਆਂ ਹਨ। ਫਰਵਰੀ ਮਹੀਨੇ ਲੋਅਰ ਮੇਨਲੈਂਡ ਏਰੀਏ ਵਿਚ ਪਿਛਲੇ 10 ਸਾਲ ਦੇ ਮੁਕਾਬਲੇ ਵਿਕਰੀ ਦਰ 43 ਪ੍ਰਤੀਸ਼ਤ ਉਪਰ ਰਹੀ।

ਆਰਥਿਕਤਾ ਇਤਿਹਾਸਕ ਗਿਰਾਵਟ ਦੇ ਦੌਰ ਵਿਚੋ ਗੁਜਰ ਰਹੀ ਹੈ ਪਰ ਇਸਦੇ ਬਾਵਜੂਦ ਰੀਅਲ ਇਸਟੇਟ ਮਾਰਕੀਟ ਨੂੰ ਅੱਗ ਲੱਗੀ ਪਈ ਹੈ। ਕੈਨੇਡਾ ਦੇ ਮਹਾਂਨਗਰਾਂ ਖਾਸ ਕਰਕੇ ਟੋਰਾਂਟੋ ਤੇ ਵੈਨਕੂਵਰ ਵਿਚ ਆਮ ਸਧਾਰਣ ਘਰ ਦੀ ਕੀਮਤ ਮਿਲੀਅਨ ਡਾਲਰ ਨੂੰ ਪਾਰ ਕਰ ਗਈ ਹੈ। ਰੀਅਲ ਇਸਟੇਟ ਦੇ ਇਸ਼ਤਿਹਾਰਾਂ ਵਿਚ 'ਸੋਲਡ -ਸੋਲਡ' ਦੇ ਬੋਰਡ ਨਜ਼ਰ ਆ ਰਹੇ ਹਨ। ਇਕ ਘਰ ਲਈ ਕਈ ਕਈ ਬੋਲੀਕਾਰ ਹਨ- ਆਫਰਾਂ ਆ ਰਹੀਆਂ ਹਨ। ਅਜਿਹੀ ਸਥਿਤੀ ਵਿਚ ਆਮ ਸ਼ਹਿਰੀ ਸਹਿਮਿਆ ਬੈਠਾ ਹੈ ਪਰ ਰੀਅਲ ਇਸਟੇਟ ਏਜੰਟ ਕੱਛਾਂ ਵਜਾ ਰਹੇ ਹਨ।

ਕਿਹਾ ਜਾ ਰਿਹਾ ਹੈ ਕਿ ਬੈਂਕਾਂ ਦੁਆਰਾ ਮੌਰਗੇਜ਼ ਰੇਟ ਵਿਚ ਇਤਿਹਾਸਕ ਕਟੌਤੀ ਕਾਰਣ ਲੋਕਾਂ ਵਿਚ ਘਰਾਂ ਦੀ ਮੰਗ ਵਧਣ ਅਤੇ ਸਪਲਾਈ ਦੀ ਘਾਟ ਕਾਰਣ ਘਰਾਂ ਦੀ ਕੀਮਤਾਂ ਵਿਚ ਅਣਕਿਆਸਿਆ ਉਛਾਲ ਆਇਆ ਹੈ। ਜਿਸ ਆਮ ਘਰ ਦੀ ਕੀਮਤ ਫਰਵਰੀ ਵਿਚ 721,000 ਡਾਲਰ ਸੀ ਉਹ ਮਾਰਚ ਮਹੀਨੇ ਵਿਚ ਇਕ ਮਿਲੀਅਨ ਤੋ ਉਪਰ ਵਿਚ ਵਿਕ ਚੁੱਕਾ ਹੈ। ਕੈਨੇਡੀਅਨ ਰੀਅਲ ਇਸਟੇਟ ਐਸੋਸੀਏਸ਼ਨ ਦੇ ਅੰਕੜੇ ਦਸਦੇ ਹਨ ਕਿ ਛੋਟੇ ਸ਼ਹਿਰਾਂ ਵਿਚ ਇਕ ਘਰ ਦੀ ਕੀਮਤ ਵਿਚ ਇਕ ਲੱਖ



ਡਾਲਰ ਦਾ ਵਾਧਾ ਹੋਇਆ ਹੈ। ਮਹਾਂਨਗਰਾਂ ਵਿਚ ਮਹੀਨੇ -ਦੋ ਮਹੀਨੇ ਦੇ ਵਕਫੇ ਵਿਚ ਇਕ ਆਮ ਘਰ ਦੀ ਕੀਮਤ ਵਿਚ ਔਸਤ ਦੋ ਤੋ ਤਿੰਨ ਲੱਖ ਡਾਲਰ ਵਧੀ ਹੈ।

ਰੀਅਲ ਇਸਟੇਟ ਕੰਪਨੀਆਂ ਤੇ ਏਜੰਟਾਂ ਦੁਆਰਾ ਕਿਆਸਰਾਈਆਂ ਦੇ ਤਿਆਰ ਕੀਤੇ ਮਾਹੌਲ ਵਿਚ ਅਜਿਹੀ ਭਗਦੜ ਪੈਦਾ ਕੀਤੀ ਗਈ ਕਿ ਹਰ ਖਰੀਦਦਾਰ ਅਤੇ ਵਿਕਰੇਤਾ ਮੌਕਾ ਦਾ ਫਾਇਦਾ ਉਠਾਉਣ ਦੀ ਤਾਕ ਵਿਚ ਹੈ। ਖਰੀਦਦਾਰਾਂ ਵਿਚ ਡਰ ਹੈ ਇਹ ਕੀਮਤਾਂ ਕਿਤੇ ਹੋਰ ਨਾਲ ਚੜ ਜਾਣ। ਅਜਿਹੇ ਵਿਚ ਕੁਝ ਰੀਅਲ ਇਸਟੇਟ ਏਜੰਟ ਮਾਰਕੀਟ ਨੂੰ ਬੇਲੋੜੀ ਤੂਲ ਦੇਣ ਲਈ ਵੀ ਜ਼ਿੰਮੇਵਾਰ ਹਨ। ਖਬਰਾਂ ਹਨ ਮੌਕੇ ਦਾ ਲਾਹਾ ਲੈਣ ਦੇ ਯਤਨ ਵਿਚ ਲੱਗੇ ਅਜਿਹੇ ਲੋਕ ਘਰਾਂ ਦੇ ਮਾਲਕਾਂ ਤੱਕ ਖੁਦ ਪਹੁੰਚ ਕਰਦੇ ਹਨ ਤੇ ਭਰਮਾਉਂਦੇ ਹਨ ਕਿ ਉਹਨਾਂ ਦੇ ਘਰ ਦੀ ਕੀਮਤ ਵੱਧ ਚੁੱਕੀ ਹੈ। ਏਜੰਟ ਨਾਲ ਭਾਈਵਾਲ ਪਾਉਣ ਵਾਲੇ ਕਈ ਲੋਕਾਂ ਨੇ ਆਪਣੇ ਘਰ ਲਿਸਟ ਕਰਵਾਉਣ ਉਪਰੰਤ ਦੋ ਤੋ ਢਾਈ ਲੱਖ ਡਾਲਰ ਕਮਾਉਣ ਦੀ ਸੋਚੀ ਪਰ ਉਹਨਾਂ ਲਈ ਅੱਗੋ ਆਪਣੇ ਘਰ ਦੀ ਕੀਮਤ ਉਪਰ ਕੋਈ ਘਰ ਮਾਰਕੀਟ ਵਿਚ ਉਪਲਬੱਧ ਨਹੀਂ। 'ਸੋਲਡ' ਦਾ ਫੱਟਾ ਲੱਗੇ ਕਈ ਘਰਾਂ ਦੀ ਇਹ ਕਹਾਣੀ ਆਮ ਹੈ। ਅਡਵਾਂਸ ਦਾ ਚੈਕ ਲੈਣ ਵਾਲੇ ਕੁਝ ਲੋਕ ਅਦਾਲਤੀ ਭੰਬਲਭੂਸੇ ਦਾ ਸਹਿਮ ਵੀ ਹੰਡਾ ਰਹੇ ਹਨ। ਬੀ ਸੀ ਦੀ ਰੀਅਲ ਇਸਟੇਟ ਮਾਰਕੀਟ ਈਸਟਰਨ ਕੈਨੇਡਾ ਨਾਲੋ ਕੁਝ ਭਿੰਨ ਹੈ। ਟੂਰਿਸਟਾਂ ਨੂੰ ਖਿੱਚ ਪਾਉਣ ਵਾਲੇ ਇਸ ਸੂਬੇ ਵਿਚ ਜ਼ਮੀਨ ਅਤੇ ਘਰਾਂ ਦੀਆਂ ਕੀਮਤਾਂ ਦੇ ਅਸਮਾਨ ਛੂਹਣ ਦੇ ਕਾਰਣਾਂ ਵਿਚ ਬਿਲਡਰਾਂ ਦੀ ਵਪਾਰਕ ਸੋਚ ਆਪਣਾ ਰੰਗ ਵਿਖਾ ਰਹੀ ਹੈ। ਲੋਅਰ ਮੇਨਲੈਂਡ ਇਲਾਕੇ ਵਿਚ ਸਬ ਡਵੀਜ਼ਨ ਦੀ ਸਮਰੱਥਾ ਵਾਲੇ ਘਰਾਂ ਜਾਂ ਰੈਂਚਰਾਂ ਨੂੰ ਬਿਲਡਰ ਕਿਸਮ ਦੇ ਲੋਕ 'ਬੋਲੀ ਦੀਆਂ ਕੀਮਤਾਂ' ਉਪਰ ਖਰੀਦ ਰਹੇ ਹਨ। ਸਬ ਡਵੀਜ਼ਨ ਦੀ ਸਮਰੱਥਾ ਵਾਲੇ ਘਰਾਂ ਦੀਆਂ ਕੀਮਤਾਂ ਵਿਚ ਵਾਧਾ ਹੋਣ ਕਾਰਣ ਟਾਊਨ ਹਾਊਸ ਦੀ ਮਾਰਕੀਟ ਵਿਚ ਵੀ ਵੱਡਾ ਉਛਾਲ ਦਰਜ ਕੀਤਾ ਗਿਆ ਹੈ। ਜੋ ਟਾਉਨ ਹਾਉਸ ਔਸਤ 4 ਲੱਖ ਦੀ ਕੀਮਤ ਦਾ ਸੀ ਉਸਦੀ ਕੀਮਤ ਹੁਣ ਸੱਤ ਤੋ ਸਾਢੇ ਸੱਤ ਲੱਖ ਦੱਸੀ ਜਾ ਰਹੀ ਹੈ। ਇਕ ਅਖਬਾਰੀ ਰਿਪੋਰਟ ਮੁਤਾਬਿਕ ਐਬਟਸਫੋਰਡ ਵਰਗੇ ਸ਼ਹਿਰ ਵਿਚ ਤਾਂ ਟਾਉਨਹਾਊਸ ਲਈ ਵੀ ਅਡਵਾਂਸ ਬੁਕਿੰਗਾਂ ਦਾ ਸਿਲਸਿਲਾ ਚੱਲ ਰਿਹਾ ਹੈ। ਵਿਸ਼ਵ ਆਰਥਿਕਤਾ ਕੋਵਿਡ ਮਹਾਂਮਾਰੀ ਦੌਰਾਨ ਅਜੇ ਵੀ ਰੀਂਗ ਰਹੀ ਹੈ ਪਰ ਘਰਾਂ ਦੀਆਂ ਕੀਮਤਾਂ ਵਿਚ ਉਛਾਲ ਜਾਰੀ ਹੈ। ਲੋਕ ਆਪਣੀ ਆਮਦਨੀ ਦਾ 60-70 ਪ੍ਰਤੀਸ਼ਤ ਹਿੱਸਾ ਮੌਰਗੇਜ਼ ਕਿਸ਼ਤਾਂ ਉਪਰ ਖਰਚ ਕਰਨ ਲਈ ਤਿਆਰ ਹਨ। ਮਹਾਂਮਾਰੀ ਦੋ ਪਹਿਲਾਂ ਜਿਹੜੀ ਸਰਕਾਰ ਘਰਾਂ ਦੀਆਂ ਕੀਮਤਾਂ ਨੂੰ ਕਾਬੂ ਰੱਖਣ ਲਈ ਕਨੂੰਨ ਲਿਆਉਣ ਦੇ ਵਾਅਦੇ ਕਰ ਰਹੀ ਸੀ ਉਸਦੀ ਚੁੱਪੀ ਦਾ ਰਾਜ਼ ਕੀ ਹੈ? ਸਰਕਾਰ ਲਗਪਗ ਦੋ ਸਾਲ ਬਾਦ ਅਪ੍ਰੈਲ ਵਿਚ ਆਪਣਾ ਬਜ਼ਟ ਪੇਸ਼ ਕਰਨ ਜਾ ਰਹੀ ਹੈ ਪਰ ਵਿੱਤ ਮੰਤਰੀ ਰੀਅਲ ਇਸਟੇਟ ਮਾਰਕੀਟ ਬਾਰੇ ਚੁੱਪ ਹੈ। ਸ਼ਾਇਦ ਉਹਨਾਂ ਦੀ ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ ਮੈਕਲਮ ਦੇ ਉਸ ਬਿਆਨ ਨਾਲ ਸਹਿਮਤੀ ਹੈ ਕਿ ਉਹ ਨਹੀ ਸੋਚਦੇ ਕਿ ਇਸ ਹਾਲਤ ਵਿਚ ਨਿਯਮਾਂ ਵਿਚ ਕੋਈ ਤਬਦੀਲੀ ਜਾਂ ਸਖਤੀ ਕਰਨ ਦੀ ਜ਼ਰੂਰਤ ਹੈ। ਉਹਨਾਂ ਕਹਿਣਾ ਹੈ ਕਿ ਉਹ ਸਥਿਤੀ ਨੂੰ ਨੇੜਿਉ ਵਾਚ ਰਹੇ ਹਨ ਪਰ ਉਹ ਇਸ ਸਮੇਂ ਕਿਸੇ ਵੀ ਸਖਤੀ ਦੀ ਸਿਫਾਰਸ਼ ਨਹੀ ਕਰਦੇ। ਵਿਤ ਮੰਤਰੀ ਦੇ ਬੁਲਾਰੇ ਦੀ ਵੀ ਇਹੀ ਬਿਆਨ ਹੈ ਕਿ ਟਰੂਡੋ ਸਰਕਾਰ ਹਾਉਸਿੰਗ ਮਾਰਕੀਟ ਵਿਚ ਤੇਜ਼ੀ ਅਤੇ ਸਥਿਰਤਾ ਨੂੰ ਵਾਚ ਰਹੀ ਹੈ। ਸਵਾਲ ਹੈ ਕਿ ਕੀ ਰੀਅਲ ਇਸਟੇਟ ਮਾਰਕੀਟ ਵਿਚ ਇਸ ਅਣਕਿਆਸੀ ਤੇਜ਼ੀ ਦੌਰਾਨ ਕੀਮਤਾਂ ਵਿਚ ਕਿਸੇ ਸੁਧਾਰ ਦੀ ਕੋਈ ਉਮੀਦ ਹੈ? ਸਰਕਾਰ ਇਸ ਵਿਚ ਦਖਲ ਦੇਣ ਦਾ ਮਨ ਬਣਾਏਗੀ ਜਾਂ 'ਵੇਟ ਐਂਡ ਵਾਚ' ਦੀ ਨੀਤੀ ਉਪਰ ਹੀ ਚਲਦੀ ਰਹੇਗੀ?





# ਸੰਯੁਕਤ ਕਿਸਾਨ ਮੋਰਚੇ ਵੱਲੋਂ 10 ਅਪ੍ਰੈਲ ਨੂੰ ਕੇ. ਐਮ. ਪੀ. ਜਾਮ...

[ਸਫ਼ਾ 3 ਦੀ ਬਾਕੀ]

ਐਕਸਪ੍ਰੈੱਸ ਵੇਅ 24 ਘੰਟਿਆਂ ਲਈ ਜਾਮ ਕੀਤਾ ਜਾਵੇਗਾ। ਮੋਰਚੇ ਦੀ ਬੈਠਕ ਵਿੱਚ ਇਹ ਫ਼ੈਸਲਾ ਵੀ ਕੀਤਾ ਗਿਆ ਕਿ ਮਈ ਦੇ ਪਹਿਲੇ ਹਫ਼ਤੇ ਸੰਸਦ ਵੱਲ ਪੈਦਲ ਮਾਰਚ ਕੀਤਾ ਜਾਵੇਗਾ ਤੇ ਇਸ ਬਾਰੇ ਤਰੀਕ ਦਾ ਐਲਾਨ ਛੇਤੀ ਕੀਤਾ ਜਾਵੇਗਾ । ਇਸੇ ਦੌਰਾਨ ਸੁਪਰੀਮ ਕੋਰਟ ਵਲੋ ਖੇਤੀ ਕਨੂਨਾਂ ਬਾਰੇ ਮਾਹਿਰਾਂ ਦੀ ਆਪਣੇ ਤੌਰ ਤੇ ਬਣਾਈ ਗਈ ਕਮੇਟੀ ਨੇ ਆਪਣੀ ਰਿਪੋਰਟ ਕੋਰਟ ਨੂੰ ਸੋਪ ਦਿੱਤੀ ਹੈ। ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਕਮੇਟੀ ਦੇ ਮੈਂਬਰ ਅਨਿਲ ਧਨਵਤ ਨੇ ਮੀਡੀਆ ਨੂੰ ਦੱਸਿਆ ਕਿ ਕਮੇਟੀ ਨੇ ਨਿਸ਼ਚਿਤ ਸਮੇਂ ਅੰਦਰ ਆਪਣੀ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ ਹੈ ਜੋ ਪੂਰੀ ਤਰ੍ਹਾਂ ਗੁਪਤ ਹੈ। ਉਨ੍ਹਾਂ ਰਿਪੋਰਟ ਦੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਸੁਪਰੀਮ ਕੋਰਟ 'ਚ ਅਗਲੀ ਸੁਣਵਾਈ ਮਗਰੋਂ ਇਹ ਰਿਪੋਰਟ ਜਨਤਕ ਹੋ ਜਾਵੇਗੀ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ 12 ਜਨਵਰੀ ਨੂੰ ਗਠਿਤ ਕੀਤੀ ਤਿੰਨ ਮੈਂਬਰੀ ਕਮੇਟੀ ਵਿਚ ਪ੍ਰਮੋਦ ਕੁਮਾਰ ਜੋਸ਼ੀ, ਅਸ਼ੋਕ ਗੁਲਾਟੀ ਅਤੇ ਅਨਿਲ ਧਨਵਤ ਦੇ ਨਾਂ ਸ਼ਾਮਿਲ ਹਨ। ਕਮੇਟੀ ਵਿਚ ਸਾਬਕਾ ਸੰਸਦ ਮੈਂਬਰ ਭੁਪਿੰਦਰ ਸਿੰਘ ਮਾਨ ਨੂੰ ਵੀ ਮੈਂਬਰ ਬਣਾਇਆ ਗਿਆ ਸੀ ਪਰ ਮਗਰੋਂ ਉਹ ਕਮੇਟੀ ਨਾਲੋਂ ਵੱਖ ਹੋ ਗਏ ਸੀ। ਇਸ ਤਿੰਨ ਮੈਂਬਰੀ ਕਮੇਟੀ ਦੀ ਵੈਬਸਾਈਟ ਅਨੁਸਾਰ ਕਮੇਟੀ ਨੇ ਕੁੱਲ 23 ਮੀਟਿੰਗਾਂ ਕੀਤੀਆਂ ਹਨ। ਪਹਿਲੀ ਮੀਟਿੰਗ 15 ਜਨਵਰੀ ਨੂੰ ਤੇ ਆਖਰੀ ਮੀਟਿੰਗ 17 ਮਾਰਚ ਨੂੰ ਕੀਤੀ ਗਈ। ਅਹਿਮ ਤੱਥ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਦੀ ਕੋਈ ਵੀ ਕਿਸਾਨ ਜਥੇਬੰਦੀ ਇਸ ਤਿੰਨ ਮੈਂਬਰੀ ਕਮੇਟੀ ਦੀ ਮੀਟਿੰਗ 'ਚ ਸ਼ਾਮਲ ਨਹੀਂ ਹੋਈ। ਇਸ ਕਮੇਟੀ ਵੱਲੋਂ 11 ਫਰਵਰੀ ਨੂੰ 18 ਸੂਬਾ ਸਰਕਾਰਾਂ ਨਾਲ ਵੀ ਮੀਟਿੰਗ ਕੀਤੀ ਜਿਸ 'ਚ ਪੰਜਾਬ ਸਰਕਾਰ ਨੇ ਵੀ ਪੱਖ ਰੱਖਿਆ ਸੀ। ਇਸ ਕਮੇਟੀ ਨੇ ਜੋ 29 ਜਨਵਰੀ ਨੂੰ ਜੋ ਮੀਟਿੰਗ ਕੀਤੀ ਸੀ, ਉਸ 'ਚ 11 ਸੂਬਿਆਂ ਦੀਆਂ 17 ਕਿਸਾਨ ਯੂਨੀਅਨਾਂ ਸ਼ਾਮਲ ਹੋਈਆਂ ਦੱਸੀਆਂ ਗਈਆਂ ਹਨ ਜਦਕਿ ਪੰਜਾਬ, ਹਰਿਆਣਾ ਤੇ ਰਾਜਸਥਾਨ ਇਸ 'ਚ ਸ਼ਾਮਿਲ ਨਹੀਂ ਹੋਇਆ ਹੈ। ਤਿੰਨ ਮੈਂਬਰੀ ਕਮੇਟੀ ਨੇ 12 ਫਰਵਰੀ ਨੂੰ ਵੀ ਕਿਸਾਨ ਗਰੁੱਪਾਂ ਨਾਲ ਮੀਟਿੰਗ ਕੀਤੀ ਗਈ ਸੀ ਜਿਸ 'ਚ ਪੰਜਾਬ ਤੇ ਹਰਿਆਣਾ ਦੀ ਕੋਈ ਕਿਸਾਨ ਧਿਰ ਸ਼ਾਮਿਲ ਨਹੀਂ ਹੋਈ।

## ਬੀ.ਸੀ. 'ਚ ਇਨਡੋਰ ਡਿਨਰ ਪਾਰਟੀ, ਫਿਟਨਸ ਅਤੇ ਧਾਰਮਿਕ ਸੇਵਾਵਾਂ ਲਈ ਸਰਕਟ ਬਰੇਕਰ ਪਾਬੰਦੀਆਂ 19 ਅਪ੍ਰੈਲ ਤੱਕ ਲਾਗੂ

[ਸਫ਼ਾ 3 ਦੀ ਬਾਕੀ]

ਹੈਨਰੀ ਨੇ ਕਿਹਾ ਕਿ ਇਨਡੋਰ ਇਕੱਠ ਸਾਡੇ ਸਾਰਿਆਂ ਲਈ ਹੁਣ ਸਭ ਤੋਂ ਵੱਡਾ ਖ਼ਤਰਾ ਹੈ। ਪ੍ਰੀਮੀਅਰ ਜੌਹਨ ਹੌਰਗਨ ਨੇ ਕਿਹਾ ਕਿ ਪਿਛਲੇ ਹਫ਼ਤੇ ਮਾਮਲਿਆਂ ਦੀ ਅਸਵੀਕਾਰਨਯੋਗ ਗਿਣਤੀ ਵਧੀ ਹੈ ਅਤੇ ਇਹ ਨਵੰਬਰ ਤੇ ਜਨਵਰੀ ਵਿਚਕਾਰ ਦੂਸਰੀ ਵੇਵ ਦੌਰਾਨ ਆਈ ਪੀਕ ਤੋਂ ਜ਼ਿਆਦਾ ਹੈ। ਉਨ੍ਹਾਂ 20 ਤੋਂ 39 ਸਾਲ ਦੇ ਨੌਜਵਾਨ ਬਾਲਗਾਂ ਨੂੰ ਵਿਸ਼ੇਸ਼ ਰੂਪ ਵਿਚ ਅਪੀਲ ਕੀਤੀ ਹੈ ਜਿਹੜੇ ਜ਼ਿਆਦਾ ਗਿਣਤੀ ਵਿਚ ਵਾਇਰਸ ਨੂੰ ਫੈਲਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਬਾਕੀ ਸਾਡੇ ਸਾਰਿਆਂ ਲਈ ਪਾਬੰਦੀਆਂ ਦੀ ਪਾਲਣਾ ਕਰਨ।

## ਇਸ ਸਪਰਿੰਗ ਸੀਜ਼ਨ (ਬਸੰਤ ਰੁੱਤ) ਦੌਰਾਨ ਕੋਵਿਡ-19 ਦੇ ਹੋਰ ਟੀਕੇ ਪੁੱਜ ਜਾਣਗੇ-ਟਰੂਡੋ

[ਸਫ਼ਾ 1 ਦੀ ਬਾਕੀ]

ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕੈਨੇਡਾ ਵਿਚ ਜੌਹਨਸਨ ਐਂਡ ਜੌਹਨਸਨ ਟੀਕੇ ਦੀ ਡਲਿਵਰੀ ਅਪ੍ਰੈਲ ਦੇ ਅਖੀਰ ਤਕ ਹੋ ਜਾਵੇਗੀ ਪਰ ਉਹ ਇਹ ਨਹੀਂ ਕਹਿ ਸਕਦੀ ਹੈ ਕਿ ਕੈਨੇਡਾ ਵਲੋਂ ਖਰੀਦ ਕੀਤੀਆਂ 10 ਮਿਲੀਅਨ ਖ਼ੁਰਾਕਾਂ ਵਿਚੋਂ ਕਿੰਨੀਆਂ ਪਹਿਲੀ ਖੇਪ ਵਿਚ ਹੋਣਗੀਆਂ। ਜੇ ਐਂਡ ਜੇ ਤੋਂ ਬਿਨ੍ਹਾਂ ਅਤੇ ਜੇਕਰ ਟੀਕਿਆਂ ਦੇ ਉਤਪਾਦਨ ਤੇ ਬਰਾਮਦ ਵਿਚ ਕੋਈ ਅਚਾਨਕ ਰੁਕਾਵਟਾਂ ਨਾ ਪਈਆਂ ਤਾਂ ਕੈਨੇਡਾ ਨੂੰ ਕੈਨੇਡਾ ਦਿਵਸ ਤੋਂ ਪਹਿਲਾਂ 44 ਮਿਲੀਅਨ ਤੋਂ ਵੀ ਜ਼ਿਆਦਾ ਖੁਰਾਕਾਂ ਮਿਲ ਜਾਣ ਦੀ ਆਸ ਹੈ। ਇਸ ਦਾ ਮਤਲਬ ਇਹ ਹੋਣਾ ਚਾਹੀਦਾ ਹੈ ਕਿ 18 ਸਾਲ ਤੋਂ ਵੱਧ ਉਮਰ ਦੇ ਸਾਰੇ ਬਾਲਗਾਂ ਨੂੰ ਤੇਜ਼ੀ ਨਾਲ ਟੀਕਾ ਲਗਵਾਇਆ ਜਾਵੇਗਾ ਅਤੇ ਦੂਸਰੇ ਟੀਕੇ ਦੀ ਉਡੀਕ ਇੰਨੀ ਜ਼ਿਆਦਾ ਲੰਬੀ ਨਹੀਂ ਕਰਨੀ ਪਵੇਗੀ ਜਿੰਨੀ ਹੁਣ ਚਾਰ ਮਹੀਨਿਆਂ ਦੀ ਕੀਤੀ ਜਾ ਰਹੀ ਹੈ। ਹਰੇਕ ਬਾਲਗ ਨੂੰ ਘੱਟੋ ਘੱਟ ਇਕ ਖ਼ੁਰਾਕ ਦੇਣ ਲਈ ਕੈਨੇਡਾ ਨੂੰ 31 ਮਿਲੀਅਨ ਖ਼ੁਰਾਕਾਂ ਦੀ ਲੋੜ ਹੈ। ਟਰੂਡੋ ਨੇ ਕਿਹਾ ਕਿ ਮਹਾਂਮਾਰੀ ਦਾ ਖਾਤਮਾ ਨੇੜੇ ਹੈ ਅਤੇ ਟੀਕਿਆਂ ਦਾ ਵਿਸਤਾਰ ਤੇਜ਼ੀ ਨਾਲ ਹੋ ਰਿਹਾ ਹੈ, ਵੈਰੀਐਂਟਸ ਖ਼ਤਰੇ ਨੂੰ ਵਧਾ ਰਹੇ ਹਨ ਅਤੇ ਕੈਨੇਡੀਅਨ ਅਜੇ ਚੌਕਸੀ ਤੋਂ ਢਿੱਲੇ ਨਹੀਂ ਪੈ ਸਕਦੇ।

## ਕੈਨੇਡਾ ਨੇ 55 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਐਸਟਰਾਜੈਨਕਾ ਟੀਕਾ ਲਗਾਉਣ ਤੋਂ ਰੋਕਿਆ

[ਸਫ਼ਾ 3 ਦੀ ਬਾਕੀ]

ਲਾਗੂ ਕੀਤੇ ਹਨ ਜਦਕਿ ਸੂਬੇ ਵਿਚ ਪਿਛਲੇ ਤਿੰਨ ਦਿਨਾਂ ਦੌਰਾਨ 2518 ਨਵੇਂ ਮਾਮਲੇ ਦਰਜ ਕੀਤੇ ਗਏ ਹਨ। ਟੀਕਾਕਰਣ ਬਾਰੇ ਕੈਨੇਡਾ ਦੀ ਕੌਮੀ ਸਲਾਹਕਾਰ ਕਮੇਟੀ ਦੀ ਉਪ ਚੇਅਰਮੈਨ ਡਾ. ਸ਼ੈਲੀ ਡੀਕਸ ਨੇ ਕਿਹਾ ਕਿ ਯੂਰਪ ਤੋਂ ਮਿਲੇ ਨਵੇਂ ਅੰਕੜਿਆਂ ਦਰਮਿਆਨ ਆਪਣੀਆਂ ਸਿਫਾਰਸ਼ਾਂ ਨੂੰ ਅਪਡੇਟ ਕੀਤਾ ਹੈ। ਯੂਰਪ ਦੇ ਅੰਕੜਿਆਂ ਵਿਚ ਕਿਹਾ ਗਿਆ ਹੈ ਕਿ ਕੋਵਿਡ ਟੀਕਾ ਲਗਵਾਉਣ ਨਾਲ ਇਕ ਲੱਖ ਵਿਅਕਤੀਆਂ ਪਿੱਛੇ ਇਕ ਵਿਅਕਤੀ ਦੇ ਖ਼ੂਨ ਵਿਚ ਥੱਕੇ ਬਣਨ ਦੀ ਸੰਭਾਵਨਾ ਹੈ ਜੋ ਕਿ 10 ਲੱਖ ਲੋਕਾਂ ਪਿੱਛੇ ਇਕ ਵਿਅਕਤੀ ਨੂੰ ਇਸ ਤਰ੍ਹਾਂ ਦੀ ਸਮੱਸਿਆ ਹੋਣ ਸਬੰਧੀ ਖ਼ਤਰੇ ਬਾਰੇ ਪਹਿਲਾਂ ਕੀਤੇ ਜਾਂਦੇ ਵਿਸ਼ਵਾਸ਼ ਨਾਲੋਂ ਬਹੁਤ ਜ਼ਿਆਦਾ ਹੈ। ਹੈਲਥ ਕੈਨੇਡਾ ਨੇ ਮੰਗ ਕੀਤੀ ਕਿ ਐਸਟਰਾਜ਼ੇਨਕਾ ਵੱਖ ਵੱਖ ਉਮਰ ਦੇ ਲੋਕਾਂ ਨੂੰ ਕੋਵਿਡ-19 ਦੇ ਟੀਕੇ ਦੇ ਖ਼ਤਰਿਆਂ ਤੇ ਲਾਭਾਂ ਬਾਰੇ ਵਿਸਥਾਰ ਪੂਰਵਕ ਅਧਿਐਨ ਕਰੇ ਅਤੇ ਡੀਕਸ ਨੇ ਕਿਹਾ ਕਿ ਸਲਾਹਕਾਰ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਨਿਰੀਖਣ ਦੇ ਨਤੀਜੇ ਆਉਣ ਤਕ ਨੌਜਵਾਨ ਵਰਗ ਨੂੰ ਟੀਕਾ ਲਗਾਉਣੇ ਰੋਕ ਦਿੱਤੇ ਜਾਣ। ਐਨਏਆਈਸੀ ਨੇ ਕਿਹਾ ਕਿ 55 ਸਾਲ ਤੋਂ ਘੱਟ ਉਮਰ ਦੇ ਬਾਲਗਾਂ ਨੂੰ ਐਸਟਰਾਜ਼ੇਨਕਾ ਕੋਵਿਡ-19 ਟੀਕਾ ਮੁਹੱਈਆ ਕਰਨ ਦਾ ਲਾਭ ਬਾਰੇ ਕਾਫੀ ਅਨਿਸ਼ਚਤਤਾ ਹੈ ਅਤੇ ਸੰਭਾਵਤ ਖ਼ਤਰੇ ਇਸ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਯੂਰਪ ਵਿਚ ਬਹੁਤੇ ਮਰੀਜ਼ ਜਿਨ੍ਹਾਂ ਨੂੰ ਐਸਟਰਾਜ਼ੇਨਕਾ ਟੀਕਾ ਲੱਗਣ ਪਿੱਛੋਂ ਖ਼ੂਨ ਦੇ ਥੱਕੇ ਬਣਨ ਦੀ ਸਮੱਸਿਆ ਆਈ ਉਨ੍ਹਾਂ ਵਿਚ 55 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਸਨ ਅਤੇ ਜਿਨ੍ਹਾਂ ਦੇ ਖ਼ੂਨ ਵਿਚ ਥੱਕੇ ਬਣੇ ਉਨ੍ਹਾਂ ਦੀ ਮੌਤ ਦੀ ਦਰ 40 ਫ਼ੀਸਦੀ ਰਹੀ ਹੈ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



MORTGAGES + PRIVATE LOANS
BUY, SELL & MORTGAGE WITH US & RECEIVE UP TO $20,000* CASH BACK OR DISCOUNT
SPECIAL OFFER FOR FIRST TIME BUYERS
PLEASE CALL US FOR CASH BACK & SPECIAL RATES PACKAGE AND SAVE $$$

BHAJAN ATWAL
604-773-8426
*SOME CONDITIONS APPLY. FULLY SUPPORTED : CENTUM FINANCIAL & CITY2CITY REAL ESTATE SERVICES



OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty

"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



BLACK & WHITE AUTO BODY PAINT
ICBC c.a.r. shop VALET
Accredited Collision Repairs & Valet Service

ਹਰ ਵੱਡੀ ਤੇ ਛੋਟੀ ਜੌਬ ਕਰਦੇ ਹਾਂ!
ਪੁਸ਼ਪਿੰਦਰ 604.720.3511
ਪ੍ਰਿੰਸ 604.366-6474
• ਆਟੋ ਗਲਾਸ ਵੀ ਬਦਲਦੇ ਹਾਂ
• ਕੰਪਲੀਟ ਬਾਡੀ ਰਿਪੇਅਰ ਅਤੇ ਪੇਂਟ
• ICBC ਅਤੇ ਪ੍ਰਾਈਵੇਟ ਕਲੇਮ

#16B-7823-132nd St., Surrey
Off: 604.503.0988
Fax: 604.503.0989 • Email: blackandwhiteauto@ymail.com

# ਭੰਗੜੇ ਦਾ ਉਸਤਾਦ ਤੇ ਸਿਰਮੌਰ ਸਿੱਖਿਆ ਸ਼ਾਸਤਰੀ ਪ੍ਰੋ: ਇੰਦਰਜੀਤ ਸਿੰਘ ਵਿਛੋੜਾ ਦੇ ਗਏ

## ਸਭਿਆਚਾਰਕ ਤੇ ਸਿੱਖਿਆ ਅਦਾਰਿਆਂ ਚ ਸੋਗ ਦੀ ਲਹਿਰ

ਲੁਧਿਆਣਾ-ਭੰਗੜੇ ਦੇ ਉਸਤਾਦ ਤੇ ਸਿਰਮੌਰ ਸਿੱਖਿਆ ਸ਼ਾਸਤਰੀ ਪ੍ਰੋ: ਇੰਦਰਜੀਤ ਸਿੰਘ ਅੱਜ ਸਥਾਨਕ ਸੀ ਐੱਮ ਸੀ ਹਸਪਤਾਲ ਵਿੱਚ ਵਿਛੋੜਾ ਦੇ ਗਏ ਹਨ। ਇਹ ਜਾਣਕਾਰੀ ਪੰਜਾਬ ਕਲਚਰਲ ਸੋਸਾਇਟੀ ਦੇ ਪ੍ਰਧਾਨ ਤੇ ਉਨ੍ਹਾਂ ਦੇ ਨਿਕਟਵਰਤੀ ਰਵਿੰਦਰ ਰੰਗੂਵਾਲ ਨੇ ਦਿੰਦਿਆਂ ਕਿਹਾ ਹੈ ਕਿ ਉਹ ਪਿਛਲੇ ਹਫ਼ਤੇ ਹੀ ਪ੍ਰੋ: ਇੰਦਰਜੀਤ ਸਿੰਘ ਦੇ ਇੰਗਲੈਂਡ ਵੱਸਦੇ ਸ਼ਾਗਿਰਦ ਮਲਕੀਤ ਸਿੰਘ ਗੋਲਡਨ ਸਟਾਰ ਤੇ ਲੋਕ ਗਾਇਕ ਸਰਬਜੀਤ ਚੀਮਾ ਨਾਲ ਉਨ੍ਹਾਂ ਨੂੰ ਹਸਪਤਾਲ ਚ ਵੇਖ ਕੇ ਆਏ ਸਨ। ਜਲੰਧਰ ਚ ਸੜਕ ਹਾਦਸੇ ਦੌਰਾਨ ਉਹ 12 ਮਾਰਚ ਨੂੰ ਸਿਰ ਦੀ ਸੱਟ ਕਾਰਨ ਬੇਹੋਸ਼ ਹੋ ਗਏ ਸਨ ਜਿਸ ਚੋਂ ਉਹ ਆਖਰੀ ਸਾਹਾਂ ਤੀਕ ਨਾ ਉੱਭਰ ਸਕੇ। ਪ੍ਰੋ: ਇੰਦਰਜੀਤ ਸਿੰਘ ਲਾਇਲਪੁਰ ਖਾਲਸਾ ਕਾਲਿਜ ਜਲੰਧਰ ਚ ਕਾਮਰਸ ਦੇ ਪ੍ਰੋਫੈਸਰ ਸਨ ਪਰ ਭੰਗੜੇ ਦੇ ਉਸਤਾਦ ਵਜੋਂ ਉਨ੍ਹਾਂ ਸੈਂਕੜੇ ਸ਼ਾਗਿਰਦ ਲੋਕ ਨਾਚ ਭੰਗੜਾ ਤੇ ਸੰਗੀਤ ਖੇਤਰ ਚ ਉਤਾਰੇ ਜਿੰਨ੍ਹਾਂ ਚੋਂ ਮਲਕੀਤ ਸਿੰਘ ਗੋਲਡਨ ਸਟਾਰ, ਸਰਬਜੀਤ ਚੀਮਾ, ਕ ਸ ਮੱਖਣ, ਰੂਪ ਲਾਲ ਮਕਬੂਲ ਤੋਂ ਇਲਾਵਾ ਕਈ ਗਾਇਕ ਹਨ। ਪ੍ਰੋ: ਇੰਦਰਜੀਤ ਸਿੰਘ ਗੁਰੂ ਨਾਨਕ ਕਾਲਿਜ ਸੁਖਚੈਨਆਣਾ ਫਗਵਾੜਾ ਤੇ ਜੀ ਜੀ ਐੱਨ ਖਾਲਸਾ ਕਾਲਿਜ ਲੁਧਿਆਣਾ ਦੇ ਪ੍ਰਿੰਸੀਪਲ ਵੀ ਬਣੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਆਪ ਰਜਿਸਟਰਾਰ ਵੀ ਰਹੇ। ਅਕਾਲੀ ਸਿਆਸਤ ਵਿੱਚ ਵੀ ਆਪ ਲੰਮਾ ਸਮਾਂ ਸਰਗਰਮ ਰਹੇ ਅਤੇ ਜ਼ਿਲ੍ਹਾ ਅਕਾਲੀ ਦਲ ਜਲੰਧਰ ਦੇ ਵੀ ਪ੍ਰਧਾਨ ਬਣੇ। ਉਨ੍ਹਾਂ ਦੇ ਵਿਛੋੜੇ ਨਾਲ ਸਭਿਆਚਾਰਕ ਤੇ ਸਿੱਖਿਆ ਅਦਾਰਿਆਂ ਚ ਸੋਗ ਦੀ ਲਹਿਰ ਫ਼ੈਲ ਗਈ ਹੈ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਪ੍ਰੋ: ਇੰਦਰਜੀਤ ਸਿੰਘ ਦੇ ਵਿਛੋੜੇ ਤੇ ਅਫਸੋਸ ਪ੍ਰਗਟ ਕਰਦਿਆਂ



ਕਿਹਾ ਹੈ ਕਿ ਅੱਜ ਦੇ ਮਨਹੂਸ ਦਿਨ ਨੇ ਸਵੇਰੇ ਸੁਰਵੰਤੇ ਨੌਜਵਾਨ ਗਾਇਕ ਦਿਲਜਾਨ ਦੀ ਮੌਤ ਦੀ ਖ਼ਬਰ ਸੁਣਾਈ ਅਤੇ ਸ਼ਾਮੀਂ ਪ੍ਰੋ: ਇੰਦਰਜੀਤ ਚਲੇ ਗਏ। ਚਿਰਾਂ ਬਾਦ ਇੰਦਰਜੀਤ ਵਰਗੇ ਸਮਰਪਿਤ ਲੋਕ ਨਾਚ ਪੇਸ਼ਕਾਰ ਆਉਂਦੇ ਹਨ ਜੋ ਪੀੜ੍ਹੀਆਂ ਨੂੰ ਪ੍ਰਭਾਵਤ ਕਰਨ। ਉਨ੍ਹਾਂ 1997 ਚ ਲਾਹੌਰ ਲੋਕ ਸੰਗੀਤ ਉਤਸਵ ਦੌਰਾਨ ਲਾਇਲਪੁਰ ਖਾਲਸਾ ਕਾਲਿਜ ਵੱਲੋਂ ਲਾਹੌਰ ਦੇ ਅਲ ਹਮਰਾ ਥੀਏਟਰ ਵਿੱਚ ਪ੍ਰੋ: ਇੰਦਰਜੀਤ ਸਿੰਘ ਦੇ ਵਿਦਿਆਰਥੀਆਂ ਦੀ ਪੇਸ਼ਕਾਰੀ ਨੂੰ ਚੇਤੇ ਕੀਤਾ ਜਿਸ ਨੂੰ ਵੇਖ ਕੇ ਲੋਕ ਗਾਇਕ ਆਰਿਫ ਲੋਹਾਰ, ਹੰਸ ਰਾਜ ਹੰਸ ਤੇ ਪੰਮੀ ਬਾਈ ਵੀ ਨੱਚ ਉੱਠੇ। ਮੈਂ ਇਸ ਦਾ ਚਸ਼ਮਦੀਦ ਹਾਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ:ਐੱਸ ਪੀ ਸਿੰਘ,ਪੰਜਾਬੀ ਲੋਕ ਗਾਇਕ ਪੰਮੀ ਬਾਈ, ਸੁਰਿੰਦਰ ਸ਼ਿੰਦਾ, ਮੰਨਾ ਢਿੱਲੋਂ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਸੁਰਜੀਤ ਸਪੋਰਟਸ ਅਸੋਸੀਏਸ਼ਨ ਦੇ ਪ੍ਰਧਾਨ ਪਿਰਥੀਪਾਲ ਸਿੰਘ ਬਟਾਲਾ, ਯਾਦਵਿੰਦਰ ਸਿੰਘ ਘੁੰਮਣ ਯੂ ਐੱਸ ਏ, ਕਰਮਪਾਲ ਸਿੰਘ ਢਿੱਲੋਂ, ਸਭਿਆਚਾਰਕ ਸੱਥ ਦੇ ਚੇਅਰਮੈਨ ਜਸਮੇਰ ਸਿੰਘ ਢੱਟ, ਸਕੱਤਰ ਜਨਰਲ ਡਾ: ਨਿਰਮਲ ਜੌੜਾ, ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਭੱਠਲ, ਡਾ: ਸਤੀਸ਼ ਸ਼ਰਮਾ ਸਰਪ੍ਰਸਤ, ਸਕੱਤਰ ਮਨਜਿੰਦਰ ਧਨੋਆ, ਤ੍ਰੈਲੋਚਨ ਲੋਚੀ ਤੋਂ ਇਲਾਵਾ ਕਈ ਸਭਿਆਚਾਰਕ ਹਸਤੀਆਂ ਨੇ ਪ੍ਰੋ: ਇੰਦਰਜੀਤ ਸਿੰਘ ਦੇ ਦੇਹਾਂਤ ਤੇ ਡੂੰਘਾ ਦੁੱਖ ਪ੍ਰਗਟਾਇਆ ਹੈ। ਇਸੇ ਦੌਰਾਨ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਵੱਲੋਂ ਡਾ। ਇੰਦਰਜੀਤ ਸਿੰਘ ਦੇ ਅਕਾਲ-ਚਲਾਣੇ ‘ਤੇ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੀ ਪ੍ਰਬੰਧਕ ਕਮੇਟੀ, ਸਮੂਹ ਸਟਾਫ ਅਤੇ ਵਿਦਿਆਰਥੀ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ।

## ਪੈਂਟਹਾਊਸ ਪਾਰਟੀ ਦਾ ਕਥਿਤ ਮੇਜ਼ਬਾਨ ਇਕ ਵਾਰ ਫਿਰ ਗ੍ਰਿਫ਼ਤਾਰ

ਵੈਨਕੂਵਰ-ਇਥੋਂ ਦੇ ਇਕ ਵਿਅਕਤੀ ਜਿਸ ਨੂੰ ਕੋਵਿਡ-19 ਸੋਸ਼ਲ ਇਕੱਠ ਪਾਬੰਦੀਆਂ ਦੀ ਉਲੰਘਣਾ ਲਈ ਆਪਣੇ ਡਾਊਨਟਾਊਨ ਪੈਂਟਹਾਊਸ ਅਪਾਰਟਮੈਂਟ ਦੇ ਬਾਹਰ ਇਕ ਆਰਜ਼ੀ ਨਾਈਟਕਲੱਬ ਚਲਾਉਣ ਬਦਲੇ ਜਨਵਰੀ ਮਹੀਨੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਨੂੰ ਇਕ ਵਾਰ ਫਿਰ ਗ੍ਰਿਫ਼ਤਾਰ ਕਰ ਲਿਆ ਹੈ ਤੇ ਨਵੇਂ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਵੈਨਕੂਵਰ ਪੁਲਿਸ ਨੇ ਦੱਸਿਆ ਕਿ ਅਫਸਰਾਂ ਨੂੰ ਇਹ ਸ਼ਿਕਾਇਤ ਮਿਲਣ ਕਿ 42 ਸਾਲਾ ਮੁਹੰਮਦ ਮੋਵਾਸਾਘੀ ਨੇ 777 ਰਿਚਰਡਸ ਸਟਰੀਟ ਵਿਖੇ ਟੇਲਸ ਗਾਰਡਨ ਟਾਵਰ ਵਿਚ ਆਪਣੀ ਲਗਜ਼ਰੀ ਸੂਟੀ ਵਿਖੇ ਮਹਿਮਾਨਾਂ ਦੀ ਮੇਜ਼ਬਾਨੀ ਕਰਕੇ ਆਪਣੀ ਰਿਹਾਈ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਪਿੱਛੋਂ ਅਫਸਰਾਂ ਨੇ ਸਨਿਚਰਵਾਰ ਸਵੇਰੇ 5 ਵਜੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਵੀਪੀਡੀ ਦੇ ਬੁਲਾਰੇ ਸਾਰਜੈਂਟ ਸਟੀਵ ਐਡੀਸਨ ਨੇ ਕਿਹਾ ਕਿ ਜਦੋਂ ਮੋਵਾਸਾਘੀ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ ਤਾਂ ਉਸ ਦੇ ਕੋਲੋਂ ਡਰੱਗ ਵੀ ਮਿਲੀ ਹੈ। ਸੋਮਵਾਰ ਵੈਨਕੂਵਰ ਵਿਚ ਪ੍ਰੋਵਿੰਸ਼ੀਅਲ ਅਦਾਲਤ ਸਾਹਮਣੇ ਮੋਵਾਸਾਘੀ ਨੇ ਡਰੱਗ ਆਪਣੇ ਕੋਲ ਰੱਖਣ ਦਾ ਦੋਸ਼ ਸਵੀਕਾਰ ਕਰ ਲਿਆ ਹੈ। ਉਸ ਨੂੰ ਨਵੇਂ ਦੋਸ਼ਾਂ ਲਈ 23 ਅਪ੍ਰੈਲ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

## ਵੈਨਕੂਵਰ ਆਰਟ ਗੈਲਰੀ ਦੇ ਬਾਹਰ ਨਸਲਵਾਦ ਵਿਰੁੱਧ ਰੈਲੀ

ਵੈਨਕੂਵਰ-ਪਿਛਲੇ ਕੁਝ ਦਿਨਾਂ ਦੌਰਾਨ ਏਸ਼ੀਅਨ ਲੋਕਾਂ ਖਿਲਾਫ ਵਧ ਰਹੇ ਨਸਲੀ ਹਮਲਿਆਂ ਖਿਲਾਫ ਵੈਨਕੂਵਰ ਆਰਟ ਗੈਲਰੀ ਦੇ ਬਾਹਰ ਰੋਸ ਰੈਲੀ ਆਯੋਜਿਤ ਕੀਤੀ ਗਈ। ਇਸ ਮੌਕੇ ਸਾਬਕਾ ਪ੍ਰੀਮੀਅਰ ਉਜਲ ਦੋਸਾਂਝ ਨੇ ਕਿਹਾ ਹੈ ਜੋ ਲੋਕ ਏਸ਼ੀਅਨ ਲੋਕਾਂ ਨੂੰ ਇਹ ਕਹਿੰਦੇ ਹਨ ਕਿ ਉਹ ਵਾਪਿਸ ਚਲੇ ਜਾਣ, ਅਜਿਹੇ ਲੋਕ ਆਪਣਾ ਵਿਵਹਾਰ ਬਦਲਣ ਤੇ ਇਕ ਚੰਗੇ ਕੈਨੇਡੀਅਨ ਬਣਨ। ਏਸ਼ੀਅਨ ਲੋਕਾਂ ਦਾ ਇਸ ਮੁਲਕ ਵਿਚ 150 ਸਾਲ ਪੁਰਾਣਾ ਇਤਿਹਾਸ ਹੈ ਤੇ ਉਹਨਾਂ ਦਾ ਵੀ ਇਹ ਮੁਲਕ ਉਨਾ ਹੀ ਹੈ ਜਿਨਾਂ ਕਿਸੇ ਹੋਰ ਕੈਨੇਡੀਅਨ ਦਾ। ਲਗਪਗ 500 ਲੋਕਾਂ ਦੇ ਉਪਰ ਦੇ ਇਕੱਠ ਵਿਚ ਸਾਬਕਾ ਮੇਅਰ ਗਰੈਗਰ ਰੋਬਰਟਸਨ ਤੇ ਉਹਨਾਂ ਦੀ ਪਤਨੀ ਨੇ ਭਾਗ ਲਿਆ। ਇਕ ਮੌਕੇ ਮੁਜ਼ਾਹਰਾ ਵਿਰੋਧੀਆਂ ਦਾ ਇਕ ਗਰੁੱਪ ਸਾਹਮਣੇ ਆਇਆ ਤੇ ਦਾਅਵਾ ਕੀਤਾ ਕਿ ਰੈਲੀ ਚੀਨ ਸਰਕਾਰ ਨਾਲ ਮਜ਼ਬੂਤੀ ਨਾਲ ਜੁੜੇ ਲੋਕਾਂ ਵਲੋਂ ਕੀਤੀ ਜਾ ਰਹੀ ਹੈ ਜਿਸ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਚੀਨ ਵਿਚ ਉਈਗਰ ਮੁਸਲਿਮ ਘੱਟਗਿਣਤੀਆਂ ਖਿਲਾਫ ਨਸਲੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

## ਨਾਰਥ ਵੈਨਕੂਵਰ ਵਿਚ ਛੁਰੇਬਾਜੀ ਦੀ ਘਟਨਾ ਦੌਰਾਨ ਇਕ ਔਰਤ ਹਲਾਕ

ਵੈਨਕੂਵਰ- ਨਾਰਥ ਵੈਨਕੂਵਰ ਦੀ ਲਿਨ ਵੈਲੀ ਲਾਇਬਰੇਰੀ ਵਿਚ ਵਾਪਰੀ ਇਕ ਛੁਰੇਬਾਜੀ ਦੀ ਘਟਨਾ ਦੌਰਾਨ ਇਕ ਔਰਤ ਮਾਰੀ ਗਈ ਜਦੋਂਕਿ 6 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ 28 ਸਾਲਾ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਹੈ ਜਿਹੜਾ ਕਿਊਬਕ ਨਾਲ ਸਬੰਧਤ ਹੈ ਪਰ ਉਸ ਦਾ ਕੋਈ ਪੱਕਾ ਠਿਕਾਣਾ ਨਹੀਂ। ਪੁਲਿਸ ਜਾਂਚ ਕਰ ਰਹੀ ਹੈ ਕਿ ਇਹ ਹਮਲਾ ਨਸਲੀ ਜਾਂ ਕੁਝ ਹੋਰ। ਲਾਇਬਰੇਰੀ ਸਟਾਫ ਦਾ ਕੋਈ ਵੀ ਮੈਂਬਰ ਘਟਨਾ ਦੌਰਾਨ ਜ਼ਖ਼ਮੀ ਨਹੀ ਹੋਇਆ।

Injured in an accident?
ICBC claim?
We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.
604-449-7500

RM RANDHAWA MINHAS LLP
PERSONAL INJURY LAWYERS
T 604-449-7500 F 604-449-7501
msr@randhawalaw.ca www.randhawalaw.ca
205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਸਨਿਚਰਵਾਰ, 3 ਅਪ੍ਰੈਲ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

## ਵੈਨਕੂਵਰ ਦੇ ਤਿੰਨ ਮੇਸੋਨਿਕ ਲੌਜ ਵਿਚ ਅੱਗ ਲਾਉਣ ਵਾਲਾ ਸ਼ੱਕੀ ਵਿਅਕਤੀ ਗ੍ਰਿਫ਼ਤਾਰ

ਸਰੀ (ਹਰਦਮ ਮਾਨ)-ਵੈਨਕੂਵਰ ਪੁਲਿਸ ਨੇ ਅੱਜ ਸਵੇਰੇ ਮੈਟਰੋ ਵੈਨਕੂਵਰ ਦੇ ਤਿੰਨ ਮੇਸੋਨਿਕ ਲੌਜ ਵਿਚ ਅੱਗ ਲਾਉਣ ਦੇ ਸ਼ੱਕ ਵਿਚ 42 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਵੈਨਕੂਵਰ ਪੁਲਿਸ ਵਿਭਾਗ ਦੇ ਕਾਂਸਟੇਬਲ ਤਾਨੀਆ ਵਿਸਿਨਟਿਨ ਨੇ ਦੱਸਿਆ ਹੈ ਕਿ ਇਕ ਪੁਲਿਸ ਅਧਿਕਾਰੀ ਨੇ (ਆਫ ਡਿਊਟੀ ਦੌਰਾਨ) ਵੈਨਕੂਵਰ ਦੀ ਰੂਪਰਟ ਸਟ੍ਰੀਟ ਅਤੇ ਈਸਟ 29 ਐਵੇਨਿਊ ਨੇੜੇ ਮੇਸੋਨਿਕ ਮੰਦਰ ਦੇ ਕੋਲੋਂ ਸ਼ੱਕੀ ਆਦਮੀ ਨੂੰ ਭਜਦੇ ਹੋਏ ਵੇਖਿਆ ਅਤੇ ਪੁਲਿਸ ਵੱਲੋਂ ਉਸ ਦਾ ਪਿੱਛਾ ਕਰਕੇ ਉਸ ਨੂੰ ਕਾਬੂ ਕਰ ਲਿਆ। ਜ਼ਿਕਰਯੋਗ ਹੈ ਕਿ ਅੱਜ ਸਵੇਰੇ ਕਰੀਬ 6।45 ਵਜੇ ਆਰ।ਸੀ ।ਐਮ।ਪੀ। ਨੂੰ ਲਿਨ ਵੈਲੀ ਵਿਚ ਮੈਸੋਨਿਕ ਲੌਜ 'ਚ ਅੱਗ ਲੱਗਣ ਦੀ ਜਾਣਕਾਰੀ ਮਿਲੀ ਸੀ ਅਤੇ ਇਸ ਤੋਂ ਕੁਝ ਹੀ ਮਿੰਟ ਬਾਅਦ ਸਵੇਰੇ ਕਰੀਬ 7 ਵਜੇ ਆਰ।ਸੀ ।ਐਮ।ਪੀ। ਨੂੰ ਡਿਊਕ ਆਫ ਕਨੌਟ ਲੌਜ ਨੰਬਰ 64 ਵਿਚ ਅੱਗ ਲੱਗਣ ਦੀ ਜਾਣਕਾਰੀ ਮਿਲੀ। ਇਸ ਇਮਾਰਤ ਵਿਚ ਵੀ ਮੈਸੋਨਿਕ ਲੌਜ ਹੈ। ਇਹ ਇਮਾਰਤ ਪੂਰੀ ਤਰ੍ਹਾਂ ਅੱਗ ਦੀਆਂ ਲਪਟਾਂ 'ਚ ਘਿਰ ਗਈ ਸੀ। ਅੱਗ ਲੱਗਣ ਦੀ ਅਜਿਹੀ ਹੀ ਹੋਰ ਘਟਨਾ ਵੈਨਕੂਵਰ ਵਿਚ ਰੂਪਰਟ ਸਟ੍ਰੀਟ ਅਤੇ 29 ਐਵੀਨਿਊ ਦੇ ਇਲਾਕੇ ਵਿਚ ਸਥਿਤ ਮੈਸੋਨਿਕ ਹਾਲ ਵਿਚ ਵੀ ਵਾਪਰੀ।

# ਹੁਣ ਲੋਕਲ ਫਾਰਮੇਸੀਆਂ 'ਤੇ ਉਪਲਬਧ ਹੋਵੇਗੀ ਵੈਕਸੀਨ

ਸਰੀ (ਹਰਦਮ ਮਾਨ)-ਬੀ. ਸੀ. ਵਿਚ ਉਮਰ ਦੇ ਆਧਾਰ 'ਤੇ ਵੈਕਸੀਨੇਸ਼ਨ ਪ੍ਰਦਾਨ ਕਰਨ ਦੇ ਕਾਰਜ ਵਿਚ ਤੇਜ਼ੀ ਲਿਆਉਣ ਦੇ ਮਕਸਦ ਨਾਲ ਕੱਲ੍ਹ (ਬੁੱਧਵਾਰ) ਤੋਂ ਲੋਅਰ ਮੇਨਲੈਂਡ ਦੇ 55 ਤੋਂ 65 ਸਾਲ ਦੇ ਦਰਮਿਆਨ ਲੋਕ ਆਪਣੇ ਨੇੜੇ ਦੀ ਫਾਰਮੇਸੀ ਵਾਲਿਆਂ ਨਾਲ ਸੰਪਰਕ ਕਰ ਕੇ ਕੋਵਿਡ-19 ਵੈਕਸੀਨ ਹਾਸਲ ਕਰ ਸਕਣਗੇ। ਇਸ ਪ੍ਰੀਕਿਰਿਆ ਵਿਚ ਉਨ੍ਹਾਂ ਨੂੰ ਔਕਸਫਰਡ-ਐਸਟ੍ਰਾਜ਼ੈਨਕਾ ਵੈਕਸੀਨ ਦਿੱਤੀ ਜਾਵੇਗੀ। ਯਾਦ ਰਹੇ ਇਸ ਵੈਕਸੀਨ ਨੂੰ ਕੈਨੇਡਾ ਵਿਚ 55 ਸਾਲ ਤੋਂ ਘਟ ਉਮਰ ਦੇ




ਲੋਕਾਂ ਲਈ ਵਰਤੇ ਜਾਣ 'ਤੇ ਰੋਕ ਲਾ ਦਿੱਤੀ ਗਈ ਹੈ। ਬੀਸੀ ਦੀ ਸੂਬਾਈ ਸਿਹਤ ਅਫ਼ਸਰ ਡਾ। ਬੋਨੀ ਹੈਨਰੀ ਨੇ ਕਿਹਾ ਕਿ ਵਿਸ਼ਵ ਭਰ ਵਿਚ ਇਸ ਵੈਕਸੀਨ ਦੀ ਵਰਤੋਂ ਤੋਂ ਸਪਸ਼ਟ ਹੁੰਦਾ ਹੈ ਕਿ 55 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਇਹ ਵੈਕਸੀਨ ਕੋਵਿਡ-19 ਦੇ ਖਤਰੇ ਨੂੰ ਘਟਾਉਣ ਲਈ ਇਹ ਵੈਕਸੀਨ ਜ਼ਿਆਦਾ ਕਾਰਗਰ ਹੈ। ਉਨ੍ਹਾਂ ਦੱਸਿਆ ਕਿ 31 ਮਾਰਚ ਤੋਂ 55 ਤੋਂ 65 ਸਾਲ ਦੇ ਲੋਕ ਆਪਣੀ ਲੋਕਲ ਫਾਰਮੇਸੀ 'ਤੇ ਸੰਪਰਕ ਕਰ ਕੇ ਵੈਕਸੀਨ ਲਈ ਅਪਾਇੰਟਮੈਂਟ ਹਾਸਲ ਕਰ ਸਕਣਗੇ।

Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

# ਲਿਬਰਲ ਪਾਰਟੀ ਨੂੰ ਨਿਊਫਾਊਂਡਲੈਂਡ-ਲੈਬਰਾਡੋਰ ਚੋਣਾਂ 'ਚ ਬਹੁਮਤ ਹਾਸਲ

ਸੇਂਟ ਜੌਹਨਜ- ਕੋਵਿਡ ਮਹਾਂਮਾਰੀ ਦੌਰਾਨ ਨਿਊਫਾਉਂਡਲੈਂਡ ਐਂਡ ਲੈਬਰਾਡੋਰ ਵਿਧਾਨ ਸਭਾ ਚੋਣਾਂ ਦੇ ਸ਼ਨੀਵਾਰ ਨੂੰ ਆਏ ਨਤੀਜੇ ਵਿਚ ਲਿਬਰਲ ਪਾਰਟੀ ਨੇ 40 ਸੀਟਾਂ ਚੋ 22 ਸੀਟਾਂ ਜਿਤਕੇ ਬਹੁਮਤ ਪ੍ਰਾਪਤ ਕਰ ਲਿਆ ਹੈ। ਜਦੋਂਕਿ ਪੀ ਸੀ ਪਾਰਟੀ ਨੂੰ 13 ਅਤੇ ਐਨਡੀਪੀ ਨੂੰ ਕੇਵਲ ਦੋ ਸੀਟਾਂ ਮਿਲੀਆਂ ਹਨ। ਤਿੰਨ ਆਜ਼ਾਦ ਉਮੀਦਵਾਰ ਜੇਤੂ ਰਹੇ। ਲਿਬਰਲ ਲੀਡਰ ਐਂਡਰਿਊ ਫੁਰੀ ਨੇ ਸੌਖਿਆ ਜਿੱਤ ਹਾਸਲ ਕਰ ਲਈ ਜਦੋਂਕਿ ਪੀਸੀ ਲੀਡਰ ਚੈਸ ਕਰੋਸਬੀ ਅਤੇ ਐਨਡੀਪੀ ਲੀਡਰ ਐਲੀਸਨ ਕੋਫਿਨ ਆਪਣੀਆਂ ਸੀਟਾਂ ਹਾਰ ਗਏ। ਐਨਡੀਪੀ ਨੇ ਕੋਵਿਡ ਮਹਾਂਮਾਰੀ ਦੌਰਾਨ ਡਾਕ ਵੋਟਾਂ ਰਾਹੀ ਕਰਵਾਈਆਂ ਚੋਣਾਂ ਨੂੰ ਸੂਬੇ ਦੇ ਇਤਿਹਾਸ ਦਾ ਕਾਲਾ ਦਿਨ ਕਰਾਰ ਦਿੱਤਾ ਹੈ। ਸੂਬੇ ਦੇ ਪ੍ਰੀਮੀਅਰ ਵਜੋ ਹਲਫ ਲੈਣ ਵਾਲਾ ਲਿਬਰਲ ਲੀਡਰ ਐਂਡਰਿਊ ਜੋ ਕਿ ਪੇਸ਼ੇ ਵਜੋ ਡਾਕਟਰ ਹੈ, ਸੈਨੇਟ ਦੇ ਮੌਜੂਦਾ ਸਪੀਕਰ ਜੌਰਜ ਫੁਰੀ ਦਾ ਬੇਟਾ ਹੈ। ਸੂਬੇ ਵਿਚ ਮਤਦਾਨ ਇਤਿਹਾਸਕ ਪੱਧਰ 'ਤੇ ਸਭ ਤੋਂ ਘੱਟ 48 ਫ਼ੀਸਦੀ ਰਿਹਾ ਹੈ। ਲ਼ੈਬਰਾਡੋਰ ਦਾ ਟੋਰਨਗੇਟ ਮਾਊਂਟੇਨਸ ਡਿਸਟ੍ਰਿਕਟ ਜਿਥੇ ਰੀਜ਼ਨ ਦੇ ਉੱਤਰੀ ਤਟ ਦੇ ਨਾਲ ਨਾਲ ਸਵਦੇਸ਼ੀ ਲੋਕ ਵਸਦੇ ਹਨ ਵਿਚ 2019 ਦੀਆਂ ਚੋਣਾਂ ਵਿਚ 50 ਫ਼ੀਸਦੀ ਤੋਂ ਜ਼ਿਆਦਾ ਮਤਦਾਨ ਦੇ ਮੁਕਾਬਲੇ ਇਸ ਵਾਰ ਸਿਰਫ 22 ਫ਼ੀਸਦੀ ਰਿਹਾ।


SUNNY SANGHA • PERSONAL REAL ESTATE CORPORATION

14332 31A AVENUE


Welcome to Elgin Park Estates, Elgin's newly built sub-division! This beautiful home is situated on a 14000 sqft lot with 6800 sqft of living space. The home features 6 bedrooms 7.5 bathrooms, Wet bar, media room, gym, sauna, a games room, butlers pantry with A/C, 3 fireplaces and radiant heating, control 4, south-facing back yard. Quality builds with exquisite finishes located in one of the best sub-divisions in Elgin Chantrell. Designed to perfection, the home offers a magnificent fully equipped kitchen with high-end appliances, a custom staircase, a large wok kitchen, a master bedroom on the main floor. Call now to book your private showing.

1426 KENT


Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

9853 HUCKLEBERRY DRIVE


Welcome to Fraser Height's newest sub-division. This 4000 sqft lot is ready to build, the plans should be ready to pick up from the city in two weeks. The home will include 7 bedrooms 6 bathrooms with a media room and bar area for your own use downstairs. The total square footage for the home will be 3722 plus a garage. Call now to get more info.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**
**BC to WA / WA to BC or AB**
**Canada Routes: BC / AB Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link
Logistics Ltd

**Call: +1-604-857-4777 / 778-344-1964**
**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***



# ਲਾਜੀਜ਼ ਪਕਵਾਨ

## ਚਾਕਲੇਟ ਪੇੜਾ

**ਸਮੱਗਰੀ**—ਮੈਦਾ 1/4 ਕੱਪ, ਮਿਲਕ ਪਾਊਡਰ 2 ਚਮਚ, ਚੀਨੀ 1/2 ਕੱਪ, ਕਾਕੋ ਪਾਊਡਰ 1 ਚਮਚ, ਪਾਣੀ 1/4 ਕੱਪ, ਕੱਟਿਆ ਹੋਇਆ ਪਿਸ਼ਤਾ 2 ਚਮਚ।



**ਵਿਧੀ**—ਇਕ ਪੈਨ ਵਿਚ ਘਿਓ ਗਰਮ ਕਰੋ ਅਤੇ ਉਸ ਵਿਚ ਮੈਦਾ ਪਾ ਕੇ ਅੱਗ ਨੂੰ ਬੰਦ ਕਰ ਦਿਓ। ਮੈਦੇ ਨੂੰ ਘਿਓ ਨਾਲ ਚੰਗੀ ਤਰ੍ਹਾਂ ਮਿਕਸ ਕਰਕੇ ਸਾਈਡ 'ਤੇ ਰੱਖ ਦਿਓ। ਇਕ ਵੱਖਰੇ ਪੈਨ ਵਿਚ ਚੀਨੀ ਅਤੇ ਪਾਣੀ ਪਾ ਕੇ ਚਾਸ਼ਣੀ ਤਿਆਰ ਕਰ ਲਓ। ਉਸ ਤੋਂ ਬਾਅਦ ਕੋਕੋ, ਪਾਊਡਰ ਮਿਕਸ ਕਰੋ ਅਤੇ ਸੇਕ ਬੰਦ ਕਰ ਦਿਓ। ਪੈਨ ਨੂੰ ਗੈਸ ਤੋਂ ਉਤਾਰੋ ਅਤੇ ਉਸ ਵਿਚ ਘਿਓ ਵਿਚ ਫਰਾਈ ਕੀਤਾ ਹੋਇਆ ਮੈਦਾ ਪਾ ਦਿਓ। ਮਿਕਸ ਕਰੋ ਅਤੇ ਉਸ ਵਿਚ ਮਿਲਕ ਪਾਊਡਰ ਪਾ ਕੇ ਗਾੜ੍ਹਾ ਘੋਲ ਤਿਆਰ ਕਰੋ। ਇਕ ਵਾਰ ਜਦੋਂ ਮਿਸ਼ਰਣ ਪੂਰੀ ਤਰ੍ਹਾਂ ਨਾਲ ਮਿਕਸ ਹੋ ਜਾਵੇ ਤਾਂ ਇਸ ਨੂੰ 5 ਮਿੰਟ ਲਈ ਠੰਢਾ ਹੋਣ ਲਈ ਰੱਖ ਦਿਓ। ਆਪਣੇ ਹੱਥਾਂ 'ਤੇ ਥੋੜ੍ਹਾ ਜਿਹਾ ਘਿਓ ਲਗਾ ਕੇ ਪੇੜੇ ਤੇ ਮਿਸ਼ਰਣ ਦੇ ਛੋਟੇ ਛੋਟੇ ਪੇੜੇ ਬਣਾ ਲਓ। ਪੇੜਿਆਂ ਨੂੰ ਜਾ ਕੇ ਤਾਂ ਠੰਢਾ ਹੋਣ 'ਤੇ ਸਰਵ ਕਰੋ ਜਾਂ ਫਿਰ ਗਰਮਾ ਗਰਮ ਪਰੋਸੋ।



## ਕਾਜੂ ਬਰਫ਼ੀ

**ਸਮੱਗਰੀ**—ਕਾਜੂ 1 ਕੱਪ, ਕਾਰਨ ਫਲੋਰ 1 ਚਮਚ, ਚੀਨੀ 1/2 ਕੱਪ, ਪਾਣੀ 1/2 ਕੱਪ, ਘਿਓ, ਸਿਲਵਰ ਵਰਕ।



**ਵਿਧੀ**—ਕਾਜੂ ਅਤੇ ਕਾਰਨਫਲੋਰ ਨੂੰ ਬਲੈਂਡਰ ਵਿਚ ਬਾਰਿਕ ਪੀਸ ਲਓ। ਇਕ ਨਾਨ ਸਟਿਕ ਪੈਨ ਵਿਚ ਚੀਨੀ ਅੇਤ ਪਾਣੀ ਗਰਮ ਕਰੋ। ਇਸ ਨੂੰ ਉਦੋਂ ਤੱਕ ਪਕਾਓ ਜਦ ਤਕ ਕਿ ਇਹ ਚਾਸ਼ਣੀ ਨਾ ਬਣ ਜਾਵੇ। ਪੈਨ ਵਿਚ ਕਾਜੂ ਵਾਲਾ ਪਾਊਡਰ ਪਾਓ। ਇਸ ਨੂੰ ਹਲਕੇ ਸੇਕ 'ਤੇ 5 ਮਿੰਟ ਪਕਾਓ। ਧਿਆਨ ਰਹੇ ਓਵਰਕੁਕ ਨਾ ਕਰੋ। ਇਸ ਮਿਸ਼ਰਣ ਨੂੰ ਪੈਨ ਵਿਚ ਕੱਢੋ ਅਤੇ ਉਦੋਂ ਤੱਕ ਮਸਲੋ ਜਦੋਂ ਤੱਕ ਇਹ ਮੁਲਾਇਮ ਨਾ ਹੋ ਜਾਵੇ। ਇਕ ਪਲੇਟ ਵਿਚ ਚੰਗੀ ਤਰ੍ਹਾਂ ਘਿਓ ਲਗਾ ਕੇ ਇਸ ਵਿਚ ਮਿਸ਼ਰਣ ਪਾ ਦਿਓ। ਜੰਮ ਜਾਣ 'ਤੇ ਮਨਪਸੰਦ ਆਕਾਰ ਵਿਚ ਕੱਟੋ। ਸਿਲਵਰ ਵਰਕ ਨਾਲ ਸਜਾਓ। ਇਸ ਨੂੰ ਏਅਰਟਾਈਟ ਕੰਟੇਨਰ ਵਿਚ ਭਰ ਕੇ ਫਰੀਜ ਵਿਚ ਹਫ਼ਤੇ ਲਈ ਰੱਖ ਸਕਦੇ ਹੋ।



## ਚਮਚਮ

**ਸਮੱਗਰੀ**—ਦੁੱਧ ਡੇਢ ਕਿੱਲੋ, ਨਿੰਬੂ ਰਸ 2 ਚਮਚ, ਪਾਣੀ 3 ਕੱਪ, ਖੰਡ 1 ਕੱਪ, ਇਲਾਇਚੀ ਪਾਊਡਰ 1 ਚਮਚ, ਨਾਰੀਅਲ 1 ਕੱਪ ਕੱਦੂਕਸ ਕੀਤਾ ਹੋਇਆ। ਪਿਸ਼ਤਾ 1 ਚਮਚ।

**ਵਿਧੀ**—ਇਕ ਪੈਨ ਵਿਚ ਦੁਧ ਉਬਾਲੋ ਫਿਰ ਉਸ ਵਿਚ ਨਿੰਬੂ ਨਿਚੋੜੋ। ਹੁਣ ਉਸ ਦਾ ਪਨੀਰ ਛਾਣ ਕੇ ਕੱਢ ਲਓ ਅਤੇ ਮਖਮਲ ਦੇ ਕੱਪੜੇ ਵਿਚ ਰੱਖੋ। ਪੈਨ ਵਿਚ ਪਾਣੀ ਗਰਮ ਕਰੋ ਅਤੇ ਉਸ ਵਿਚ ਖੰਡ ਮਿਲਾ ਕੇ ਉਬਾਲ ਲਓ। ਹੁਣ ਪਨੀਰ ਨੂੰ ਬਾਊਲ ਵਿਚ ਪਾ ਕੇ ਚੰਗੀ ਤਰ੍ਹਾਂ ਮਸਲ ਲਓ। ਫਿਰ ਚਮਚਮ ਦਾ ਆਕਾਰ ਦੇ ਕੇ ਪੇੜੇ ਬਣਾ ਲਓ। ਹੁਣ ਇਸ ਨੂੰ ਹੌਲੀ-ਹੌਲੀ ਉਬਾਲੀ ਹੋਈ ਚਾਸ਼ਮੀ ਵਿਚ ਪਾ ਦਿਓ ਅਤੇ 10 ਮਿੰਟ ਪਿਆ ਰਹਿਣ ਦਿਓ। ਹੁਣ ਗੈਸ ਬੰਦ ਕਰ ਦਿਓ ਅਤੇ ਦਸ ਮਿੰਟ ਬਾਅਦ ਚਮਚਮ ਨੂੰ ਪਲੇਟ ਵਿਚ ਕੱਢ ਲਓ ਅਤੇ ਨਾਰੀਅਲ ਅਤੇ ਪਿਸ਼ਤੇ ਨਾਲ ਸਜਾ ਕੇ ਪਰੋਸੋ।

## ਸੋਨ ਪਾਪੜੀ

**ਸਮੱਗਰੀ**—ਵੇਸਣ 1 ਕੱਪ, ਮੈਦਾ 1 ਕੱਪ, ਦੁੱਧ 2 ਕੱਪ, ਚੀਨੀ 2 ਕੱਪ, ਇਲਾਇਚੀ ਪਾਊਡਰ 1 ਚਮਚ, ਪਾਣੀ 1 ਕੱਪ, ਪਾਲੀਥੀਨ ਸ਼ੀਟ 1 ਕੱਪ, ਘਿਓ 250 ਗ੍ਰਾਮ।



**ਵਿਧੀ**—ਇਕ ਕਟੋਰੇ ਵਿਚ ਵੇਸਣ ਤੇ ਮੈਦਾ ਛਾਣ ਲਓ। ਫਰਾਇੰਗ ਪੈਨ ਵਿਚ ਘਿਓ ਗਰ ਮਕਰੋ। ਜਦ ਘਿਓ ਗਰਮ ਹੋ ਜਾਵੇ ਤਾਂ ਉਸਲ ਵਿਚ ਵੇਸਣ ਅਤੇ ਮੈਦਾ ਪਾ ਕੇ ਭੁੰਨ ਲਓ। ਉਦੋਂ ਤੱਕ ਭੁੰਨੋ ਜਦ ਤਕ ਆਟਾ ਹਲਕਾ ਨਾ ਹੋ ਜਾਵੇ। ਇਸ ਨੂੰ ਲਗਾਤਾਰ ਹਿਲਾਉਂਦੇ ਰਹੋ ਤਾਂ ਜੋ ਇਹ ਚਿਪਕੇ ਨਾ। ਇਕ ਪਤੀਲੇ ਵਿਚ ਪਾਣੀ ਉਬਲਣ ਲਈ ਰੱਖੋ। ਉਸ ਵਿਚ ਚੀਨੀ ਅਤੇ ਦੁੱਧ ਪਾ ਕੇ ਚਾਸ਼ਣੀ ਬਣਾ ਲਓ। ਇਸ ਨੂੰ ਠੰਢਾ ਹੋਣ ਲਈ ਰੱਖ ਦਿਓ। ਭੁੱਜੇ ਹੋਏ ਆਟੇ ਨੂੰ ਠੰਢਾ ਕਰ ਲਓ। ਹੁਣ ਇਸ ਵਿਚ ਚਾਸ਼ਣੀ ਮਿਲਾਓ। ਜਦ ਪੂਰਾ ਮਿਲ ਜਾਵੇ ਤਾਂ ਇਸ ਨੂੰ ਘਿਓ ਲੱਗੀ ਥਾਲੀ ਵਿਚ ਪਾਓ। ਮਿਟਾਈ ਇਕ ਇੰਚ ਉਚੀ ਹੋਣੀ ਚਾਹੀਦੀ ਹੈ। ਹੁਣ ਇਸ ਦੇ ਟੁਕੜੇ ਕੱਟ ਲਓ।






### ਕੇਰਲ ਦੇ ਸਾਬਕਾ ਐਮ. ਪੀ. ਦਾ ਬਿਆਨ

# ਅਣਵਿਆਹਿਆ ਰਾਹੁਲ ਕੁੜੀਆਂ ਦੇ ਕਾਲਜ ਜਾਂਦੈ, ਕੁੜੀਆਂ ਉਸ ਦੇ ਅੱਗੇ ਨਾ ਝੁਕਣ

ਕੇਰਲ-ਕੇਰਲ ਦੇ ਸਾਬਕਾ ਪਾਰਲੀਮੈਂਟ ਮੈਂਬਰ ਜਾਇਸ ਜਾਰਜ ਨੇ ਪਿਛਲੇ ਹਫ਼ਤੇ ਕੋਚੀ ਦੇ ਇੱਕ ਮਹਿਲਾ ਕਾਲਜ ਵਿੱਚ ਵਿਦਿਆਰਥਣਾਂ ਨਾਲ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਗੱਲਬਾਤ ਦੇ ਬਾਰੇ ਵਿੱਚ ਕਾਂਗਰਸ ਆਗੂ ਵਿਰੁੱਧ ਅਪਮਾਨਜਨਕ ਬਿਆਨ ਦੇ ਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਸਾਬਕਾ ਐਮ ਪੀ ਜਾਰਜ ਨੇ ਇੱਕ ਚੋਣ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਗਾਂਧੀ ਵਿਰੁੱਧ ਬੇਹੱਦ ਅਪਮਾਨ ਜਨਕ ਟਿਪਣੀ ਕੀਤੀ ਹੈ। ਇਸਬਿਆਨ ਬਾਰੇ ਚਰਚਾ ਤੋਂ ਬਚਦੇ ਹੋਏ ਕੇਰਲ ਦੇ ਮੁੱਖ ਮੰਤਰੀ ਪਿਨੇਰਾਈ ਵਿਜੇਇਨ ਨੇ ਕਿਹਾ ਕਿ ਖੱਬਾ ਲੋਕਤੰਤਰੀ ਮੋਰਚਾ (ਐਲ ਡੀ ਐਫ) ਰਾਹੁਲ ਗਾਂਧੀ ਉੱਤੇ ਕੀਤੀ ਗਈ ਨਿੱਜੀ ਟਿੱਪਣੀ ਦੇ ਨਾਲ ਨਹੀਂ ਹੈ। ਉਨ੍ਹਾਂ ਕਾਸਰਗੋਡਾ ਵਿੱਚ ਕਿਹਾ, "ਅਸੀਂ ਉਨ੍ਹਾਂ ਦਾ ਰਾਜਨੀਤਕ ਰੂਪ ਨਾਲ ਵਿਰੋਧ ਕਰਾਂਗੇ, ਨਿੱਜੀ ਤੌਰ ਉੱਤੇ ਨਹੀਂ।" ਜਾਰਜ ਨੇ ਕਾਂਗਰਸ ਦੇ ਸਾਂਝੇ ਲੋਕਤੰਤਰੀ ਮੋਰਚਾ (ਯੂ ਡੀਐਫ)ਅਤੇ ਖਾਸਤੌਰ ਉੱਤੇ ਰਾਹੁਲ ਗਾਂਧੀ ਉੱਤੇ ਹਮਲਾ ਕਰਦੇ ਹੋਏ ਕਿਹਾ, "ਰਾਹੁਲ ਗਾਂਧੀ ਸਿਰਫ਼ ਮਹਿਲਾ ਕਾਲਜਾਂ ਦਾ ਦੌਰਾ ਕਰਨਗੇ ਤੇ ਸਾਬਕਾ ਕਾਂਗਰਸ ਪ੍ਰਧਾਨ ਦਾ ਸਾਹਮਣਾ ਕਰਨ ਦੌਰਾਨ ਲੜਕੀਆਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ।" ਉਨ੍ਹਾਂ ਕਿਹਾ, "ਲੜਕੀਆਂ ਉਨ੍ਹਾਂ ਸਾਹਮਣੇ ਕਦੇ ਨਾ ਝੁਕਣ, ਉਹ ਅਣਵਿਆਹੇ ਹਨ, ਜਿਸ ਕਾਰਨ ਸਮਸਿਆ ਪੈਦਾ ਕਰ ਸਕਦੇ ਹਨ।" ਕੋਚੀ ਦੇ ਸੇਂਟ ਟੇਰੇਸਾ ਕਾਲਜ ਵਿੱਚ ਇੱਕ ਵਿਦਿਆਰਥਣ ਦੀ ਬੇਨਤੀ ਉੱਤੇਰਾਹੁਲ ਗਾਂਧੀ ਨੇ ਅਕਿਡੋ ਸਿਖਾਇਆ ਸੀ। ਸਾਬਕਾ ਐਮ ਪੀ ਜਾਰਜ ਦੀ ਇਹ ਟਿੱਪਣੀ ਉਸ ਦੇ ਬਾਅਦ ਆਈ ਹੈ। ਇਸਦੇ ਵਿਰੋਧ ਵਿੱਚ ਕਾਂਗਰਸ ਆਗੂਆਂ ਨੇ ਜਾਇਸ ਜਾਰਜ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ ਕੇਰਲ ਦੇ ਵਿਰੋਧੀ ਧਿਰ ਦੇ ਨੇਤਾ ਰਮਸ਼ ਚੇਨੀਥਲਾ ਨੇ ਜਾਰਜ ਦੀ ਟਿੱਪਣੀ ਨੂੰ ਔਰਤਾਂ ਅਤੇ ਰਾਹੁਲ ਗਾਂਧੀ ਦੇ ਵਿਰੁੱਧ ਦੱਸਿਆ ਹੈ। ਉਨ੍ਹਾਂ ਕਿਹਾ, "ਉਸ (ਜਾਰਜ) ਵਿਰੁੱਧ ਕੇਸ ਦਰਜ ਹੋਣਾ ਚਾਹੀਦਾ ਹੈ। ਉਸ ਨੇ ਔਰਤਾਂ ਅਤੇ ਰਾਹੁਲ ਗਾਂਧੀ ਦਾ ਅਪਮਾਨ ਵੀ ਕੀਤਾ ਹੈ।" ਇਸ ਦੇ ਬਾਅਦ ਜਾਰਜ ਨੇ ਇਸ ਟਿਪਣੀ ਦੇ ਲਈ ਅਫਸੋਸ ਜ਼ਾਹਰ ਕੀਤਾ ਹੈ, ਪਰ ਇਸ ਨਾਲ ਵਿਵਾਦ ਰੁਕ ਨਹੀਂ ਸਕਿਆ।





# ਦਿੱਲੀ ਦੇ ਰੈਸਟੋਰੈਂਟ ਮਾਲਕਾਂ ਨੂੰ ਮੀਟ 'ਹਲਾਲ' ਜਾਂ 'ਝਟਕਾ' ਹੋਣ ਬਾਰੇ ਅਗੇਤਾ ਦੱਸਣਾ ਪਵੇਗਾ


ਨਵੀਂ ਦਿੱਲੀ (ਪੋਸਟ ਬਿਊਰੋ)-ਉੱਤਰੀ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਖੇਤਰ ਦੇ ਹੋਟਲ,ਰੈਸਟੋਰੈਂਟ ਜਾਂ ਢਾਬੇ,ਜਿਥੇ ਮਾਸਾਹਾਰੀ ਭੋਜਨ ਪਰੋਸਿਆ ਜਾਂਦਾ ਹੈ,ਦੇ ਸੰਚਾਲਕਾਂ ਨੂੰ ਇਹ ਦੱਸਣਾ ਜ਼ਰੂਰੀ ਕੀਤਾ ਗਿਆ ਹੈ ਕਿ ਹਲਾਲ ਮੀਟ ਪਰੋਸਿਆ ਜਾ ਰਿਹਾ ਹੈ ਜਾਂ ਝਟਕਾ? ਇਹ ਹੁਕਮਉੱਤਰੀ ਦਿੱਲੀ ਨਗਰ ਨਿਗਮ ਨੇ ਜਾਰੀ ਕੀਤਾ ਹੈ ਉੱਤਰ ਦਿੱਲੀ ਨਗਰ ਨਿਗਮ ਦੇ ਮੇਅਰ ਜੈ ਪ੍ਰਕਾਸ਼ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਹਿੰਦੂ ਤੇ ਸਿੱਖ ਧਰਮ ਵਿੱਚ ਹਲਾਲ ਮੀਟ ਦੀ ਮਨਾਹੀ ਹੈ, ਇਸ ਲਈ ਉੱਤਰੀ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਖੇਤਰ ਦੇ ਰੈਸਟੋਰੈਂਟ, ਹੋਟਲ ਅਤੇ ਢਾਬੇ ਦੇ ਸੰਚਾਲਕਾਂ ਲਈ ਲਾਜ਼ਮੀ ਹੋਵੇਗਾ ਕਿ ਮੀਟ ਹਲਾਲ ਹੈ ਜਾਂ ਝਟਕਾ ਹੋਣ ਬਾਰੇਦੱਸਣਤਾਂ ਕਿ ਲੋਕਾਂ ਦੀ ਆਸਥਾ ਨੂੰ ਠੇਸ ਨਾ ਲੱਗੇ। ਮੇਅਰ ਜੈ ਪ੍ਰਕਾਸ਼ ਨੇ ਕਿਹਾ ਕਿ ਨਿਗਮ ਨੇ ਬੀਤੇ ਮੰਗਲਵਾਰ ਇਹ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਧਾਰਮਿਕ ਦੇਸ਼ ਹੈ, ਜਿੱਥੇ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣਾ ਗਲਤ ਹੈ। ਏਥੇ ਹਿੰਦੂ ਤੇ ਸਿੱਖ ਧਰਮ ਦੇ ਲੋਕ ਹਲਾਲ ਮਾਸ ਨਹੀਂ ਖਾਂਦੇ, ਪਰ ਇਸਲਾਮ ਵਿਚ ਹਲਾਲ ਮਾਸ ਖਾਧਾ ਜਾਂਦਾ ਹੈ, ਇਸ ਲਈ ਨਿਗਮ ਦਾ ਫੈਸਲਾ ਹੈ ਕਿ ਹੋਟਲ,ਢਾਬਿਆਂ ਜਾਂ ਰੈਸਟੋਰੈਂਟ ਵਾਲਿਆਂ ਨੂੰ ਦੱਸਣਾ ਹੋਵੇਗਾ ਕਿ ਕਿੱਦਾਂ ਦਾ ਮਾਸ ਪਰੋਸਿਆ ਜਾਂਦਾ ਹੈ।



# ਉਮੀਦਵਾਰ ਵੱਲੋਂ ਵੋਟਰਾਂ ਨੂੰ ਚੰਨ ਦੀ ਸੈਰ ਕਰਾਉਣ ਦਾ ਵਾਅਦਾ


ਮੁਦਰਾਇ-ਤਾਮਿਲ ਨਾਡੂ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਹਰ ਸਿਆਸੀ ਆਗੂ ਵੋਟਰਾਂ ਨੂੰ ਲੁਭਾਉਣ ਲਈ ਪ੍ਰਚਾਰ ਦੇ ਵੱਖ-ਵੱਖ ਤਰੀਕੇ ਅਪਣਾ ਰਿਹਾ ਹੈ ਅਤੇ ਇੱਕ ਤੋਂ ਵੱਧ ਕੇ ਇੱਕ ਵਾਅਦੇ ਕਰ ਰਿਹਾ ਹੈ। ਇੱਕ ਆਜ਼ਾਦ ਉਮੀਦਵਾਰ ਨੇ ਹੈਰਾਨ ਕਰਨ ਵਾਲੇ ਵਾਅਦਿਆਂ ਦੀ ਝੜੀ ਲਾ ਦਿੱਤੀ ਹੈ। ਇਸ ਉਮੀਦਵਾਰ ਨੇ ਲੋਕਾਂ ਨੂੰ ਚੰਨ ਦੀ ਸੈਰ ਕਰਾਉਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਦੇ ਚੋਣ ਵਾਅਦੇ ਅਜੀਬ ਅਤੇ ਅਸੰਭਵ ਲੱਗ ਸਕਦੇ ਹਨ, ਪਰ ਉਮੀਦਵਾਰ ਆਰ ਸਰਵਨਣ ਦਾ ਕਹਿਣਾ ਹੈ ਕਿ ਚੰਨ ਦੀ 100 ਦਿਨਾਂ ਮੁਫਤ ਯਾਤਰਾ, ਮੁਫਤ ਆਈਫੋਨ ਅਤੇ ਇੱਥੋਂ ਤੱਕ ਕਿ ਇੱਕ ਛੋਟਾ ਹੈਲੀਕਾਪਟਰ ਦੇਣ ਦਾ ਵਾਅਦਾ ਉਸ ਵੱਲੋਂ ਪੱਕਾ ਹੈ। ਉਹ ਮਦੁਰਾਇ ਦੱਖਣ ਤੋਂ ਚੋਣ ਮੈਦਾਨ ਵਿੱਚ ਹੈ। ਸਰਵਨਣ ਨੇ ਵਿਧਾਇਕ ਚੁਣੇ ਜਾਣ ਉਤੇ ਹਰ ਪਰਿਵਾਰ ਦੇ ਬੈਂਕ ਖਾਤਿਆਂ ਵਿੱਚ ਇੱਕ ਕਰੋੜ ਰੁਪਏ ਸਾਲਾਨਾ ਜਮ੍ਹਾਂ ਕਰਾਉਣ ਦਾ ਵਾਅਦਾ ਵੀ ਕੀਤਾ ਹੈ। ਉਨ੍ਹਾਂ ਨੇ 14 ਚੋਣ ਵਾਅਦਿਆਂ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਘਰੇਲੂ ਕੰਮਾਂ ਵਿੱਚ ਮਦਦ ਕਰਨ ਲਈ ਮੁਫਤ ਰੋਬੋਟ, ਸਾਰਿਆਂ ਲਈ ਸਵੀਮਿੰਗ ਪੂਲ ਦੇ ਨਾਲ ਤਿੰਨ ਮੰਜ਼ਿਲਾ ਘਰ, ਇੱਕ ਛੋਟਾ ਹੈਲੀਕਾਪਟਰ, ਵਿਆਹ ਲਈ ਔਰਤਾਂ ਨੂੰ ਸੋਨੇ ਦੇ ਗਹਿਣੇ, ਹਰ ਪਰਵਾਰ ਦੇ ਲਈ ਇੱਕ ਕਿਸ਼ਤੀ ਅਤੇ ਨੌਜਵਾਨਾਂ ਨੂੰ ਆਪਣੇ ਵਪਾਰ ਸ਼ੁਰੂ ਕਰਨ ਲਈ ਇੱਕ ਕਰੋੜ ਰੁਪਏ ਦੇਣਾ ਸ਼ਾਮਲ ਹੈ। ਇਹੀ ਨਹੀਂ, ਉਨ੍ਹਾਂ ਨੇ ਇੱਕ ਪੁਲਾੜ ਖੋਜ ਸਟੇਸ਼ਨ ਅਤੇ ਇੱਕ ਰਾਕੇਟ ਲਾਂਚ ਪੈਡ ਤੋਂ ਇਲਾਵਾ ਆਪਣੇ ਚੋਣ ਖੇਤਰ ਨੂੰ ਠੰਢਾ ਰੱਖਣ ਲਈ 300 ਫੁੱਟ ਉਚ ਨਕਲੀ ਬਰਫ ਦਾ ਪਹਾੜ ਸਥਾਪਤ ਕਰਨ ਦਾ ਵਾਅਦਾ ਵੀ ਕੀਤਾ ਹੈ।






# ਗਿਲਡਫੋਰਡ ਵਿਚ ਗੋਲੀਬਾਰੀ ਪਿੱਛੋਂ ਸਰੀ ਦੀ ਔਰਤ ਦੀ ਹਾਲਤ ਗੰਭੀਰ

ਸਰੀ-ਐਤਵਾਰ ਰਾਤ ਨੂੰ ਗਿਲਡਫੋਰਡ ਰਿਹਾਇਸ਼ੀ ਇਲਾਕੇ ਵਿਚ ਹੋਈ ਗੋਲੀਬਾਰੀ ਪਿੱਛੋਂ ਇਕ ਔਰਤ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਗੋਲੀਬਾਰੀ ਦੀ ਘਟਨਾ 113ਬੀ ਐਵੀਨਿਊ ਦੇ 16300 ਬਲਾਕ ਵਿਚ ਇਕ ਘਰ ਅੰਦਰ ਅੱਧੀ ਰਾਤ ਤੋਂ ਪਹਿਲਾਂ ਵਾਪਰੀ। ਸਰੀ ਪੁਲਿਸ ਨੇ ਦੱਸਿਆ ਕਿ ਔਰਤ ਦੇ ਗੋਲੀਆਂ ਲੱਗੀਆਂ ਹੋਈਆਂ ਹਨ ਅਤੇ ਸ਼ੱਕੀ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਮੌਕੇ ਤੋਂ ਫਰਾਰ ਹੋ ਗਿਆ। ਜਾਂਚ ਅਧਿਕਾਰੀਆਂ ਨੂੰ ਇਸ ਗੱਲ ਦਾ ਸ਼ੱਕ ਨਹੀਂ ਕਿ ਇਹ ਗੋਲੀਬਾਰੀ ਲੋਅਰ ਮੇਨਲੈਂਡ ਗੈਂਗ ਨਾਲ ਸਿੱਧੀ ਜੁੜੀ ਹੋਈ ਹੈ ਪਰ ਉਨ੍ਹਾਂ ਦਾ ਕਹਿਣਾ ਕਿ ਇਹ ਨਸ਼ੇ ਦੇ ਵਪਾਰ ਨਾਲ ਸਬੰਧਤ ਹੋ ਸਕਦੀ ਹੈ। ਮੁੱਢਲੇ ਸੰਕੇਤ ਤੋਂ ਪਤਾ ਲਗਦਾ ਹੈ ਕਿ ਇਹ ਗੋਲੀਬਾਰੀ ਵਿਚ ਸ਼ਾਮਿਲ ਧਿਰਾਂ ਇਕ ਦੂਸਰੇ ਨੂੰ ਜਾਣਦੀਆਂ ਹਨ ਅਤੇ ਇਸ ਨਾਲ ਆਮ ਜਨਤਾ ਨੂੰ ਕੋਈ ਖ਼ਤਰਾ ਨਹੀਂ।













COMING SOON !!
Industrial Warehouse in Richmond Near No. 6 Road on 1999 Savage. Call for more info.

# ਟਰੰਪ ਨੇ ਜਨਤਾ ਨਾਲ ਜੁੜਨ ਲਈ ਵੈਬਸਾਈਟ ਲਾਂਚ ਕਰ ਲਈ

ਵਾਸ਼ਿੰਗਟਨ-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਨੇ ਆਪਣੀ ਵੈਬਸਾਈਟ 45 ਆਫਿਸ ਕਾਮ ਲਾਂਚ ਕੀਤੀ ਹੈ। ਇਸ ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਟਰੰਪ ਵੱਲੋਂ ਕੀਤੇ ਗਏ ਸਾਰੇ ਕੰਮਾਂ ਦੀ ਜਾਣਕਾਰੀ ਨਾਲ ਜਨਤਾ ਨਾਲ ਸਿੱਧੇ ਜੁੜਨ ਦਾ ਪਲੇਟਫਾਰਮ ਬਣਾਇਆ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਟਰੰਪ ਸਿੱਧੇ ਜਨਤਾ ਨਾਲ ਜੁੜ ਕੇ 2024 ਦੀਆਂ ਚੋਣ ਤਿਆਰੀਆਂ ਵਿੱਚ ਲੱਗੇ ਹੋਏ ਹਨ। ਉਸੇ ਲੜੀ ਵਿੱਚ ਇਹ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਇਸ ਵੈਬਸਾਈਟ ਵਿੱਚ ਡੋਨਾਲਡ ਟਰੰਪ ਨੇ ਆਪਣੀ ਪਤਨੀ ਅਤੇ ਸਾਬਕਾ ਫਸਟ ਲੇਡੀ ਮੇਲਾਨੀਆ ਟਰੰਪ ਨੂੰ ਵੀ ਪ੍ਰਮੁੱਖਤਾ ਦਿੱਤੀ ਹੈ। ਵੈਬਸਾਈਟ ਦੇ ਮੁੱਖ ਪੰਨੇ ਉੱਤੇ ਉਨ੍ਹਾਂ ਦੀ ਫੋਟੋ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ। ਇਸ ਵੈਬਸਾਈਟ ਨਾਲ ਅਮਰੀਕੀ ਜਨਤਾ ਉਨ੍ਹਾਂ ਨੂੰ ਵਧਾਈ ਦੇਣ ਦੇ ਨਾਲ ਕਿਸੇ ਵੀ ਵਿਸ਼ੇ 'ਤੇ ਰਾਇ ਦੇ ਸਕਦੀ ਹੈ। ਟਰੰਪ ਦੇ ਪ੍ਰੋਗਰਾਮਾਂ ਵਿੱਚ ਵੀ ਇਸ ਵੈਬਸਾਈਟ ਨਾਲ ਸ਼ਾਮਲ ਹੋਇਆ ਜਾ ਸਕੇਗਾ। ਵਰਨਣ ਯੋਗ ਹੈ ਕਿ ਛੇ ਜਨਵਰੀ ਨੂੰ ਪਾਰਲੀਮੈਂਟ ਵਿੱਚ ਹਿੰਸਾ ਪਿੱਛੋਂ ਇੰਟਰਨੈਟ ਮੀਡੀਆ ਦੇ ਕਈ ਪਲੇਟਫਾਰਮਾਂ ਨੇ ਟਰੰਪ ਉਤੇ ਰੋਕ ਲਾ ਦਿੱਤੀ ਸੀ। ਉਸ ਪਿੱਛੋਂ ਪਹਿਲੀ ਵਾਰ ਇਸ ਵੈਬਸਾਈਟ ਨਾਲ ਟਰੰਪ ਜਨਤਾ ਨਾਲ ਜੁੜਨ ਲੱਗੇ ਹਨ। ਪਿਛਲੀਆਂ ਚੋਣਾਂ ਵਿੱਚ ਹਾਰ ਦੇ ਬਾਵਜੂਦ ਟਰੰਪ ਹਾਰ ਮੰਨਣ ਨੂੰ ਤਿਆਰ ਨਹੀਂ ਸਨ। ਉਨ੍ਹਾਂ ਨੇ ਇਸ ਲਈ ਸੁਪਰੀਮ ਕੋਰਟ ਤੱਕ ਦਾ ਦਰਵਾਜ਼ਾ ਖੜਕਾਇਆ ਸੀ।



# ਮੈਕਸੀਕੋ 'ਚ ਹਜ਼ਾਰਾਂ ਲੋਕਾਂ ਨੂੰ ਨਕਲੀ ਕੋਰੋਨਾ ਵੈਕਸੀਨ ਲੱਗ ਗਈ

ਮੈਕਸਿਕੋ-ਕੋਰੋਨਾ ਵੈਕਸੀਨ ਦੇ ਆਉਣ ਪਿੱਛੋਂ ਸ਼ੱਕ ਜਤਾਇਆ ਦਾ ਰਿਹਾ ਸੀ ਕਿ ਨਕਲੀ ਵੈਕਸੀਨ ਦਾ ਬਾਜ਼ਾਰ ਵੀ ਸੱਜਣ ਲੱਗੇਗਾ, ਮੈਕਸਿਕੋ ਵਿੱਚ ਏਦਾਂ ਹੀ ਹੋਇਆ ਹੈ। ਮੈਕਸੀਕੋ ਦੇ ਸਿਹਤ ਬੋਰਡ ਨੇ ਆਪਣੀ ਜਾਂਚ ਪਿੱਛੋਂ ਦੱਸਿਆ ਹੈ ਕਿ ਹੋਂਡੁਰਾਸ ਦੀ ਕੱਪੜਾ ਕੰਪਨੀ ਦੇ ਹਜ਼ਾਰ ਤੋਂ ਵੱਧ ਕਾਮਿਆਂ ਨੂੰ ਨਕਲੀ ਸਪੂਤਨਿਕ ਵੈਕਸੀਨ ਦਿੱਤੀ ਗਈ ਹੈ। ਹੋਂਡੁਰਾਸ ਦੀ ਕੱਪੜਾ ਕੰਪਨੀ ਗਰੁੱਪੋ ਕਰੀਮ ਦਾ ਮਾਲਕ ਮੁਹੰਮਦ ਯੂਸਫ਼ ਅਮਦਾਨੀ ਬਾਈ ਪਿੱਛੋਂ ਪਾਕਿਸਤਾਨ ਦਾ ਮੂਲ ਨਿਵਾਸੀ ਹੈ। ਇਸ ਮਾਮਲੇ ਦਾ ਪ੍ਰਗਟਾਵਾ ਹੋਣ ਤੋਂ ਬਾਅਦ ਮੈਕਸੀਕੋ ਸਰਕਾਰ ਅਮਦਾਨੀ ਬਾਈ ਦੀ ਭਾਲ ਕਰ ਰਹੀ ਹੈ। ਇੱਕ ਸਥਾਨਕ ਅਖ਼ਬਾਰ ਮੁਤਾਬਕ ਜਾਂਚ ਵਿੱਚ ਪਤਾ ਲੱਗਾ ਕਿ ਇਹ ਵੈਕਸੀਨ ਗਰੁੱਪੋ ਕਰੀਮ ਦੇ ਮਜ਼ਦੂਰਾਂ ਤੋਂ ਇਲਾਵਾ ਹੋਰ ਕਾਰੋਬਾਰੀਆਂ ਤੇ ਸਰਕਾਰੀ ਅਧਿਕਾਰੀਆਂ ਨੂੰ ਵੀ ਦਿੱਤੀ ਗਈ ਸੀ। ਇਹ ਗਰੁੱਪੋ ਕੰਪਨੀ ਦਾ ਮਾਲਕ ਮੁਹੰਮਦ ਯੂਸੁਫ ਦੇ ਕਰੀਬੀ ਸੀ। ਇਸ ਨਕਲੀ ਵੈਕਸੀਨ ਦੀ ਖ਼ੁਰਾਕ ਪਹਿਲਾਂ ਦਸ ਮਾਰਚ ਨੂੰ ਇੱਕ ਕਲੀਨਿਕ ਵਿੱਚ ਦਿੱਤੀ ਗਈ ਸੀ। ਇਸ ਦਾ ਮਾਲਕ ਵੀ ਅਮਦਾਨੀ ਬਾਈ ਹੈ। ਗਰੁੱਪੋ ਕਰੀਮ ਦੀ ਕੱਪੜਾ ਫ਼ੈਕਟਰੀ ਵਿੱਚ ਕੰਮ ਕਰਨ ਵਾਲਿਆਂ ਨੂੰ 15 ਮਾਰਚ ਨੂੰ ਵੈਕਸੀਨ ਦਿੱਤੀ ਗਈ ਸੀ। ਮੁਹੰਮਦ ਯੂਸਫ਼ ਅਮਰੀਕਾ, ਪਨਾਮਾ, ਡੋਮੀਨੀਕਨ ਗਣਰਾਜ, ਗਵਾਟੇਮਾਲਾ ਤੇ ਨਿਕਾਰਾਗੁਆ ਵਿੱਚ ਟੈਕਸਟਾਈਲ ਕੰਪਨੀਆਂ ਦਾ ਮਾਲਕ ਹੈ। ਯੂਸਫ਼ ਨੂੰ ਹੋਂਡਰਾਸ ਦਾ ਸਭ ਤੋਂ ਅਮੀਰ ਆਦਮੀ ਮੰਨਿਆ ਜਾਂਦਾ ਹੈ।



# ਮਾਮੂਲੀ ਝਗੜੇ 'ਚ ਚਾਕੂ ਮਾਰ ਕੇ ਵਿਦਿਆਰਥੀ ਦਾ ਕਤਲ

ਫਗਵਾੜਾ-ਦੋਸਤਾਂ ਨਾਲ ਹੋਲੀ ਖੇਡਣ ਲਈ ਮੋਹਾਲੀ ਤੋਂ ਫਗਵਾੜਾ ਦੇ ਚਹੇੜੂ ਵਿਚਲੇ ਪੀ ਜੀ ਵਿੱਚ ਆਏ ਇੱਕ ਵਿਦਿਆਰਥੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤੇ ਜਾਣ ਦੀ ਖਬਰ ਹੈ। ਮ੍ਰਿਤਕ ਦੀ ਪਛਾਣ ਆਸਤ ਅੰਸਾਰੀ (32) ਪੁੱਤਰ ਨਸੀਰ ਅੰਸਾਰੀ ਵਾਸੀ ਸਿਸਟਮ ਨਗਰ ਸਿੱਕਮ ਵਜੋਂ ਹੋਈ ਹੈ। ਥਾਣਾ ਸਤਨਾਮਪੁਰਾ ਦੀ ਚਹੇੜੂ ਪੁਲਸ ਚੌਕੀ ਦੇ ਇੰਚਾਰਜ ਦਰਸ਼ਨ ਸਿੰਘ ਦੇ ਮੁਤਾਬਕ ਮ੍ਰਿਤਕ ਆਸਤ ਅੰਸਾਰੀ ਮੋਹਾਲੀ ਦੇ ਅਭੀਪੁਰ ਕਾਲਜ ਵਿੱਚ ਆਟੋਮੋਬਾਈਲ ਦਾ ਡਿਪਲੋਮਾ ਕਰ ਰਿਹਾ ਸੀ ਅਤੇ ਉਥੇ ਆਪਣੇ ਦੋਸਤ ਮੁਹੰਮਦ ਨਾਲ ਰਹਿੰਦਾ ਸੀ। ਉਨ੍ਹਾਂ ਦਾ ਇੱਕ ਦੋਸਤ ਸ਼ਸਾਂਕ ਫਗਵਾੜੇ ਦੇ ਚਹੇੜੂ ਨੇੜੇ ਲਾਅ ਗੇਟ ਨੇੜੇ ਪੀ ਜੀ ਵਿੱਚ ਰਹਿੰਦਾ ਸੀ। ਅੰਸਾਰੀ ਆਪਣੇ ਦੋਸਤ ਮੁਹੰਮਦ ਨਾਲ ਸ਼ਨੀਵਾਰ ਨੂੰ ਮੋਹਾਲੀ ਤੋਂ ਫਗਵਾੜਾ ਵਿੱਚ ਸਸ਼ਾਂਕ ਕੋਲ ਹੋਲੀ ਖੇਡਣ ਆਇਆ ਸੀ ਪੁਲਸ ਦੇ ਮੁਤਾਬਕ ਸਸ਼ਾਂਕ ਦਾ ਟ੍ਰਿਪਲ ਐਕਸਲ ਕੈਫੇ ਹੈ ਅਤੇ ਇੱਥੇ ਰੰਜਨ ਕੁਮਾਰ ਨਾਂਅ ਦਾ ਨੌਜਵਾਨ ਸ਼ੈਫ ਦਾ ਕੰਮ ਕਰਦਾ ਸੀ। ਹੋਲੀ ਵਾਲੇ ਦਿਨ ਮੋਬਾਈਲ ਫੜਨ ਤੋਂ ਆਸਤ ਅੰਸਾਰੀ ਤੇ ਸ਼ੈਫ ਰੰਜਨ ਕੁਮਾਰ ਦਾ ਝਗੜਾ ਹੋ ਗਿਆ ਤਾਂ ਰੰਜਨ ਨੇ ਆਸਤ ਅੰਸਾਰੀ ਦੇ ਢਿੱਡ ਵਿੱਚ ਚਾਕੂ ਮਾਰ ਦਿੱਤਾ। ਆਸਤ ਨੂੰ ਜ਼ਖਮੀ ਹਾਲਤ ਵਿੱਚ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੋਂ ਉਸ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।





# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 778-968-6874

apr25

ਕੈਨੇਡੀਅਨ ਪੀ.ਆਰ., ਉਮਰ 28 ਸਾਲ ਕੱਦ 5'11", ਵਾਸਤੇ ਸੋਹਣੀ ਸੁਨੱਖੀ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 32 ਸਾਲ ਕੱਦ 5'8" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਮਾਲਵੇ ਜ਼ਿਲੇ ਨੂੰ ਪਹਿਲ। ਸੰਪਰਕ- +91-8427380002 ਜਾਂ 604-771-2575

may01

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

apr03

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ-604-761-7580 ਜਾਂ 604-599-8237

feb20

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

### ਰਿਸੈਪਸ਼ਨਿਸਟ ਦੀ ਲੋੜ

ਸਰੀ ਵਿੱਚ ਸਥਿਤ ਦਫਤਰ ਵਿੱਚ ਫਰੰਟ ਡੈਸਕ ਜਾਂ ਰਿਸੈਪਸ਼ਨਿਸਟ ਲੜਕੀ ਦੀ ਜ਼ਰੂਰਤ ਹੈ। ਅੰਗ੍ਰੇਜ਼ੀ ਅਤੇ ਪੰਜਾਬੀ ਜ਼ਰੂਰ ਬੋਲਣੀ ਆਉਣੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ 778-895-8848 ਤੇ ਕਾਲ ਕਰੋ

apr03

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ। ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ- 778-713-0015 ਜਾਂ 604-319-0044

apr03

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

apr10

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।


### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੌਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

dec31

ਕੰਗ ਫਾਰਮਜ਼ 4136-168 ਸਟ੍ਰੀਟ, ਸਰੀ, ਬੀ.ਸੀ. ਵਾਲਿਆਂ ਨੂੰ ਫੁਲ ਟਾਇਮ ਫਾਰਮ ਵਰਕਜ਼ ਦੀ ਜ਼ਰੂਰਤ ਹੈ। ਤਨਖਾਹ 16.75 / ਘੰਟਾ। ਕੰਮ ਪੌਦੇ, ਸਿੰਚਾਈ, ਛਾਂਗਣ, ਬੂਟੀ ਆਦਿ ਲਗਾਉਣ ਹੈ। ਅਪਲਾਈ ਕਰੋ: kang.farmworkers@gmail.com

apr10




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਭੀਮ ਚੰਦ ਦਾ ਗੁਰੂ ਜੀ ਪਾਸ ਆਉਣਾ

66 ਪੱਤੇਵਾਜ ਨੇ ਖੇਲ੍ਹਿਆ ਫੇਰ ਪੱਤਾ, ਰਾਤੋ-ਰਾਤ ਅਨੰਦਪੁਰ ਆਇਆ ਏ।
ਮੁਗਲ਼ ਫ਼ੌਜਾਂ ਨੇ ਕੀਤਾ ਆਣ ਧਾਵਾ, ਰੋ-ਰੋ ਗੁਰਾਂ ਨੂੰ ਹਾਲ ਸੁਣਾਇਆ ਏ।
ਮਿਹਰਾਂ ਵਾਲਿਆ ਕਰਦੇ ਮਿਹਰ ਆਪਣੀ, ਧਰਮ ਪਹਿਲਾਂ ਵੀ ਆਪ ਬਚਾਇਆ ਏ।
ਹਰਚੰਦ ਸਿੰਘਾ ਬਖ਼ਸ਼ਦੇ ਗਲਤੀਆ ਨੂੰ, ਤੁਹਾਨੂੰ ਪਹਿਲਾਂ ਮੈਂ ਬਹੁਤ ਸਤਾਇਆ ਏ॥
67 ਮੂਹੇ ਲੱਗੋ ਅਸੀਂ ਹਾਂ ਮਗਰ ਦਾਤਾ, ਜਿਵੇਂ ਕਹੋਂਗੇ ਉਂਝ ਹੀ ਕਰਾਂਗੇ ਜੀ।
ਖਰਾਜ ਦੇਂਦੇ ਅਸੀਂ ਜੋ ਮੁਗਲਾਂ ਨੂੰ, ਉਹੋ ਆਪਦੇ ਚਰਨੀਂ ਧਰਾਂਗੇ ਜੀ।
ਫ਼ੌਜਾਂ ਕੱਠੀਆਂ ਕਰ ਪਹਾੜ ਦੀਆਂ, ਤੁਹਾਡੇ ਹੁਕਮ ਦੇ ਹੇਠ ਹੋ ਲੜਾਂਗੇ ਜੀ।
ਹਰਚੰਦ ਸਿੰਘਾ ਜੰਮੂ-ਲਹੌਰ ਲੈ ਕੇ, ਫਿਰ ਜਾ ਅੱਗੇ ਨੂੰ ਫੜਾਂਗੇ ਜੀ॥

### ਗੁਰੂ ਜੀ ਨੇ ਭੀਮ ਚੰਦ ਨੂੰ ਮਾਫ਼ ਕਰਨਾ

68 ਕਹਿੰਦੇ ਗੁਰੂ ਜੀ ਰਾਜਾ ਭੀਮ ਚੰਦਾ, ਜਾਹ ਤੈਨੂੰ ਅਸੀਂ ਮੁਆਫ਼ ਕੀਤਾ।
ਅਸੀਂ ਸਾਰਾ ਕੁੱਝ ਭੁਲਾ ਦਿੱਤਾ, ਅੱਜ ਤੱਕ ਜੋ ਸਾਡੇ ਖਿਲਾਫ਼ ਕੀਤਾ।
ਤੂੰ ਵੀ ਆਪਣਾ ਅੰਦਰ ਸਾਫ਼ ਕਰ ਲੈ, ਅਸੀਂ ਆਪਣਾ ਦਿਲ ਹੈ ਸਾਫ਼ ਕੀਤਾ।
ਹਰਚੰਦ ਸਿੰਘਾ ਭੁੱਲਿਆ ਘਰ ਆਇਆ, ਅਸੀਂ ਤੇਰੇ ਨਾਲ ਇਨਸਾਫ਼ ਕੀਤਾ॥

### ਪਹਾੜੀ ਰਾਜਿਆਂ ਦੀ ਮੱਦਦ ਕਰਨੀ ਤੇ ਜੰਗ ਜਿੱਤਣਾ

69 ਅਕਾਲ ਪੁਰਖ ਤੋਂ ਆਗਿਆ ਲੈ ਗੁਰਾਂ, ਚਾਲੇ ਵੱਲ ਨਾਦੌਣ ਦੇ ਪਾ ਦਿੱਤੇ।
ਨੀਲੇ ਘੋੜੇ ਤੇ ਝੱਟ ਅਸਵਾਰ ਹੋਏ, ਬਿਗਲ ਜੰਗ ਦੇ ਸਿੱਖਾਂ ਬਜਾ ਦਿੱਤੇ।
ਅਨੰਦਪੁਰ ਨਗਾਰਿਆਂ ਡੰਡ ਪਾਈ, ਰਣ ਸਿੰਗਿਆਂ ਅਰਸ਼ ਗੂੰਜਾ ਦਿੱਤੇ।
ਹਰਚੰਦ ਸਿੰਘਾ ਮਰਦ ਦਲੇਰ ਚੱਲੇ, ਉਨ੍ਹਾਂ ਬਿਖੜੇ ਪੰਧ ਮੁਕਾਅ ਦਿੱਤੇ॥
70 ਐਸੀ ਮਾਰੀ ਸਿੱਖਾਂ ਨੇ ਸੱਟ ਜਾ ਕੇ, ਅਲਿਫ਼ ਖ਼ਾਨ ਦੇ ਪੈਰ ਉਖਾੜ ਦਿੱਤੇ।
ਅੱਗੋਂ ਖ਼ਾਨ ਵੀ ਤੇਗ ਦੇ ਹੈਨ ਧਨੀ, ਹੱਲੇ ਉਨ੍ਹਾਂ ਨੇ ਕਈ ਪਛਾੜ ਦਿੱਤੇ।
ਖ਼ਾਨਾ ਝੱਲੀ ਤਾਬ ਨਾ ਨੱਸ ਚੱਲੇ, ਤੇਗਾਂ ਮਾਰ ਕੇ ਕਰ ਦੁਫਾੜ ਦਿੱਤੇ।
ਹਰਚੰਦ ਸਿੰਘਾ ਆਲਿਫ਼ ਖ਼ਾਨ ਹੁਰੀਂ, ਕੁੱਟ ਕੁੱਟ ਕੇ ਜੰਮੂ ਸੀ ਵਾੜ ਦਿੱਤੇ॥

### ਪਹਾੜੀਆਂ ਨੂੰ ਤਾੜਨਾ

71 ਆਲਿਫ਼ ਖ਼ਾਂ ਸੀ ਮਾਮਲਾ ਲੈਣ ਆਇਆ, ਉਹੋ ਮੁੜਿਆ ਫ਼ੌਜ ਮਰਵਾ ਕੇ ਜੀ।
ਦਿਲਾਵਰ ਖ਼ਾਂ ਨੇ ਰਾਜੇ ਪਹਾੜੀਆਂ ਨੂੰ, ਪਾਈਆਂ ਚਿੱਠੀਆਂ ਗੁੱਸੇ ਵਿੱਚ ਆ ਕੇ ਜੀ।
ਬਾਦਸ਼ਾਹ ਨੂੰ ਤੁਸਾਂ ਨਾਰਾਜ਼ ਕੀਤਾ, ਫੂਕ ਦਏਗਾ ਅਗਨੀ ਲਾ ਕੇ ਜੀ।
ਹਰਚੰਦ ਸਿੰਘਾ ਸਰ੍ਹੋਂ ਦੇ ਵਾਂਗ ਪੀੜੂ, ਬਾਲ ਬੱਚਿਆਂ ਕੋਹਲੂ ਚਲਾ ਕੇ ਜੀ॥
72 ਇੱਥੇ ਆ ਕੇ ਮੈਨੂੰ ਸਲਾਹ ਦੱਸੋ, ਨਹੀਂ ਮਰਨ ਨੂੰ ਹੋਜੋ ਤਿਆਰ ਮੀਆਂ।
ਕੂਕਰ ਰਹਿਣਾ ਤੁਸੀਂ ਬਾਦਸ਼ਾਹ ਦੇ, ਜਾਂ ਸਾਧ ਨੂੰ ਕਰਨਾ ਪਿਆਰ ਮੀਆਂ।
ਦਿਨ ਗੁਰੂ ਦੇ ਗਿਣਵੇਂ ਹੈਨ ਰਹਿੰਦੇ, ਅਸਾਂ ਦੇਵਣਾ ਉਸ ਨੂੰ ਮਾਰ ਮੀਆਂ।
ਹਰਚੰਦ ਸਿੰਘਾ ਮੰਨੋ ਈਨ ਆ ਕੇ, ਜਾਓ ਬਣਦਾ ਮਾਮਲਾ ਤਾਰ ਮੀਆਂ॥
73 ਪੜ੍ਹ ਚਿੱਠੀਆਂ ਸਭ ਦੇ ਸਾਹ ਸੁੱਕੇ, ਭੀਮ ਚੰਦ ਦੇ ਪਾਸ ਉਹ ਆਂਵਦੇ ਨੇ।
ਆਪਾਂ ਇਸ ਗੁਰੂ ਤੋਂ ਕੀ ਲੈਣਾ, ਸਭ ਆਪਣੀ ਸੁੱਖ ਮਨਾਂਵਦੇ ਨੇ।
ਅਸੀਂ ਪੁੱਤ ਤੇ ਬਾਦਸ਼ਾਹ ਬਾਪ ਸਾਡਾ, ਆਪੋ ਆਪਣੀ ਭੁੱਲ ਬਖ਼ਸ਼ਾਂਵਦੇ ਨੇ।
ਹਰਚੰਦ ਸਿੰਘਾ ਆਜ਼ਾਦੀ ਨੂੰ ਪਿੱਠ ਦੇ ਕੇ, ਰੱਸਾ ਗਲ ਗੁਲਾਮੀ ਦਾ ਪਾਂਵਦੇ ਨੇ॥

### ਗੁਪਾਲ ਚੰਦ ਗੁਲੇਰੀਆ

74 ਗੁਪਾਲ ਚੰਦ ਗੁਲੇਰੀਆ ਕਹਿਣ ਲੱਗਾ, ਗੁਰਾਂ ਨਾਲ ਨਾ ਦਗਾ ਕਮਾਵਨਾ ਏ।
ਸਵਰਗ ਜਾਓ ਬਹਾਦਰਾਂ ਵਾਂਗ ਮਰਕੇ, ਜਿਊਂਦੇ ਜੀ ਕਿਉਂ ਨਰਕੀ ਜਾਵਨਾ ਏ।
ਕਿਸੇ ਬੈਠ ਨਾ ਸਦਾ ਹੀ ਤਖ਼ਤ ਰਹਿਣਾ, ਭੁੱਖੀ ਮੌਤ ਨੇ ਅੰਤ ਨੂੰ ਖਾਵਨਾ ਏ।
ਹਰਚੰਦ ਸਿੰਘਾ ਇਤਿਹਾਸ ਨਹੀਂ ਮਾਫ਼ ਕਰਦਾ, ਲੋਕਾਂ ਮੂੰਹਾਂ ਤੇ ਕੂੜਾ ਪਾਵਨਾ ਏ॥

### ਰਾਜਿਆਂ ਦੀ ਬਦਨੀਤੀ

75 ਗੱਲ ਕੀਤੀ ਨਾ ਗੁਰਾਂ ਦੇ ਨਾਲ ਕੋਈ, ਚੋਰੀ ਚੋਰੀ ਮਤਾ ਪਕਾਇਆ ਏ।
ਕਿਰਪਾਲ ਚੰਦ ਦੇ ਨਾਲ ਸੁਲਾਹ ਕਰਕੇ, ਖ਼ਰਾਜ ਮੁਗ਼ਲ ਖ਼ਜ਼ਾਨੇ ਪਾਇਆ ਏ।
ਸਤਿਗੁਰ ਸੁਣ ਕੇ ਬਹੁਤ ਉਪਰਾਮ ਹੋਏ, ਦਗਾ-ਬਾਜ਼ਾਂ ਨੇ ਦਗਾ ਕਮਾਇਆ ਏ।
ਹਰਚੰਦ ਸਿੰਘਾ ਸੱਪਾਂ ਨੇ ਦੁੱਧ ਪੀ ਕੇ, ਫਿਰ ਛੁਪਕੇ ਡੰਗ ਚਲਾਇਆ ਏ॥
76 ਭੀਮ ਚੰਦ ਕਹਿਲੂਰੀਆ ਕਹਿਣ ਲੱਗਾ, ਗੋਬਿੰਦ ਰਾਇ ਦਾ ਵਾਜਾ ਵਜਾ ਦਈਏ।
ਮਸਾਂ ਆਇਆ ਅੜਿੱਕੇ ਆਪਣੇ ਇਹ, ਦੋਸ਼ ਲੜਾਈ ਦਾ ਇਸ ਤੇ ਲਾ ਦਈਏ।
ਰਾਜ ਆਪਣੇ ਇਸ ਨੇ ਨੱਪ ਲੈਣੇ, ਕੱਠੇ ਹੋ ਕੇ ਧੌਂਭ ਮੁਕਾ ਦਈਏ।
ਹਰਚੰਦ ਸਿੰਘਾ ਮੂਰਖ ਮੁਗਲ਼ਾਂ ਨੂੰ, ਆਪਾਂ ਇਸਦੇ ਪਿੱਛੇ ਪਾ ਦਈਏ॥
77 ਚਿੱਠੀ ਲਿਖ ਕੇ ਮੀਆਂ ਖ਼ਾਂ, ਤਾਈਂ, ਭੀਮ ਚੰਦ ਨੇ ਬਹੁਤ ਭੜਕਾਇਆ ਏ।
ਅਸੀਂ ਦਾਸ ਹਾਂ ਮੁੱਢ ਤੋਂ ਮੁਗਲ਼ਾਂ ਦੇ, ਗੋਬਿੰਦ ਰਾਇ ਨੇ ਸਾਨੂੰ ਉਕਸਾਇਆ ਏ।
ਅਸੀਂ ਡਰਦੇ ਉਸਦੇ ਨਾਲ ਆਏ, ਯੁੱਧ ਉਸਨੇ ਆਣ ਕੇ ਲਾਇਆ ਏ।
ਹਰਚੰਦ ਸਿੰਘਾ ਸਾਡੀ ਕਰੋ ਰਾਖੀ, ਸਾਨੂੰ ਉਸਨੇ ਬੜਾ ਸਤਾਇਆ ਏ॥
78 ਸਾਨੂੰ ਕਹਿੰਦਾ ਰਲੋ ਨਾਲ ਮੇਰੇ, ਆਪਾਂ ਮੁਗ਼ਲ ਨੇ ਮਾਰ ਮੁਕਾਅ ਦੇਣੇ।
ਸਾਰੇ ਰਾਜੇ ਮਾਮਲਾ ਦਿਓ ਮੈਨੂੰ, ਕਿਲ੍ਹੇ ਕੋਟ ਮੈਂ ਇਨ੍ਹਾਂ ਦੇ ਢਾਹ ਦੇਣੇ।
ਦੁਸ਼ਟ-ਦਮਨ ਲਈ ਆਇਆ ਜੱਗ ਤੇ ਮੈਂ, ਵੱਢ-ਵੱਢ ਕੇ ਕਬਰੀਂ ਪਾ ਦੇਣੇ।
ਹਰਚੰਦ ਸਿੰਘਾ ਪੰਜਾਬ ਨੂੰ ਜਿੱਤ ਕੇ ਮੈਂ, ਝੰਡੇ ਕੇਸਰੀ ਦਿੱਲੀ ਝੁਲਾਅ ਦੇਣੇ॥
79 ਕੱਚੇ ਕੰਨਾਂ ਦੇ ਰਾਜੇ ਨਵਾਬ ਹੁੰਦੇ, ਮੀਆਂ ਖਾਨ ਹੈ ਭੁੱਜ ਕਬਾਬ ਹੋਇਆ।
ਜੰਮੂ ਵਾਲੇ ਲਾਹੌਰ ਨੂੰ ਖ਼ਬਰ ਕੀਤੀ, ਗੋਬਿੰਦ ਰਾਇ ਹੈ ਬਾਗ਼ੀ ਜਨਾਬ ਹੋਇਆ।
ਪਹਾੜੀ ਰਾਜੇ ਮੇਰੀ ਸ਼ਰਨ ਆਏ, ਉਸ ਵੱਲ ਹੈ ਸਾਰਾ ਪੰਜਾਬ ਹੋਇਆ।
ਹਰਚੰਦ ਸਿੰਘਾ ਆਲਿਫ਼ ਖ਼ਾਂ ਨੂੰ ਭਾਂਜ ਦਿੱਤੀ, ਨੁਕਸਾਨ ਆਪਣਾ ਬੇ-ਹਿਸਾਬ ਹੋਇਆ॥
80 ਮਿਲੀ ਸੂਚਨਾ ਅੱਜ ਹੀ ਖ਼ਾਸ ਮੈਨੂੰ, ਉਹ ਤੇ ਜੰਮੂ ਲਹੌਰ ਤੇ ਚੜ੍ਹਨ ਵਾਲਾ।
ਥਾਂ ਥਾਂ ਤੇ ਸਿੱਖ ਤਿਆਰ ਬੈਠੇ, ਸਾਡੇ ਰੂ-ਬ-ਰੂ ਹੋ ਕੇ ਖੜ੍ਹਨ ਵਾਲਾ।
ਹੁਕਮਨਾਮੇ ਪੰਜਾਬ ਨੂੰ ਭੇਜ ਦਿੱਤੇ, ਹਰ ਗੱਭਰੂ ਆ ਜਾਓ ਲੜਨ ਵਾਲਾ।
ਹਰਚੰਦ ਸਿੰਘਾ ਛੇਤੀ ਜੇ ਪਕੜਿਆ ਨਾ, ਸਮਾਂ ਮਿਲੂ ਨਾ ਮੁੜਕੇ ਫੜਨ ਵਾਲਾ॥

### ਰੁਸਤਮ ਖਾਂ ਦਾ ਅਨੰਦਪੁਰ 'ਤੇ ਹਮਲਾ

81 ਦਿਲਾਵਰ ਖਾਂ ਨੇ 1691 ਨੂੰ, ਫੌਜਾਂ ਝੱਟ ਲਾਹੌਰ ਤੋਂ ਚਾੜ੍ਹੀਆਂ ਨੇ।
ਰੁਸਤਮ ਖਾਂ ਨਵਾਬ ਦਾ ਪੁੱਤ ਚੜ੍ਹਿਆ ਰਾਹਵਾਂ ਲਸ਼ਕਰਾਂ ਆਣ ਲਤਾੜੀਆਂ ਨੇ।
ਸਤਲੁਜ ਤੇ ਆਣ ਕੇ ਕਰੇ ਡੇਰੇ, ਆਨੰਦਪੁਰ ਪਹੁੰਚੀਆਂ ਖ਼ਬਰਾਂ ਸਾਰੀਆਂ ਨੇ।
ਹਰਚੰਦ ਸਿੰਘਾ ਤਿੰਨ ਦਿਨ ਰਿਹਾ ਬੈਠਾ, ਦਰਸ਼ਨ ਦਿੱਤੇ ਨਾ ਆਣ ਪਹਾੜੀਆਂ ਨੇ॥

*(ਬਾਕੀ ਅਗਲੇ ਅੰਕ ਵਿਚ)*

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

48 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM

Rakesh Puri 604-377-4085 | Lalit (Nitu) 604-339-1599 | Amarjit Singh 778-908-0523 | Arya Bhalla 778-788-2429 | Hardam S. Maan 604-308-6663 | Shashi Madan 604-367-5611 | Shirin Mitha 604-614-9165
www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਚਾਰ ਰਾਜਾਂ ਤੇ ਪੁੱਡੂਚੇਰੀ ਸਬੰਧੀ ਚੋਣ

# ਸਰਵੇਖਣ ਕੀ ਸਹੀ ਨਿਕਲਣਗੇ ?

**ਪ੍ਰੋ: ਕੁਲਬੀਰ ਸਿੰਘ**
9417153513

24 ਮਾਰਚ ਨੂੰ ਪ੍ਰਾਈਮ ਟਾਈਮ 'ਤੇ ਬਹੁਤੇ ਨਿਊਜ਼ ਚੈਨਲ ਧੜਾ ਧੜ ਚੋਣ ਸਰਵੇਖਣ ਪ੍ਰਸਾਰਿਤ ਕਰ ਰਹੇ ਸਨ। ਨਾਲ ਹੀ ਨਾਲ ਉਨ੍ਹਾਂ ਸੰਬੰਧੀ ਚਰਚਾ ਵੀ ਜਾਰੀ ਸੀ। ਪੱਛਮੀ ਬੰਗਾਲ, ਕੇਰਲਾ, ਤਾਮਿਲ ਨਾਡੂ, ਆਸਾਮ ਅਤੇ ਪੁੱਡੂਚਰੀ ਵਿਚ ਚੋਣ-ਅਮਲ 27 ਮਾਰਚ ਨੂੰ ਆਰੰਭ ਹੋ ਕੇ 2 ਮਈ ਨੂੰ ਮੁਕੰਮਲ ਹੋਵੇਗਾ।

ਭਾਜਪਾ ਇਨ੍ਹਾਂ ਚੋਣਾਂ ਨੂੰ ਜਿੱਤਣ ਜਾਂ ਚੰਗੀ ਕਾਰਗੁਜ਼ਾਰੀ ਵਿਖਾਉਣ ਲਈ ਸਿਰਤੋੜ ਯਤਨ ਕਰ ਰਹੀ ਹੈ। ਵਿਸ਼ੇਸ਼ ਕਰਕੇ ਪੱਛਮੀ ਬੰਗਾਲ ਦੀ ਚੋਣ ਵਕਾਰ ਦਾ ਸਵਾਲ ਬਣੀ ਹੋਈ ਹੈ। ਕਿਸਾਨ ਅੰਦੋਲਨ ਅਤੇ ਕਿਸਾਨ ਮੰਗਾਂ ਪ੍ਰਤੀ ਕੇਂਦਰ ਸਰਕਾਰ ਦੇ ਰਵੱਈਏ ਤੋਂ ਪੂਰੀ ਦੁਨੀਆਂ ਅਤੇ ਕਿਸਾਨ ਜਥੇਬੰਦੀਆਂ ਹੈਰਾਨ ਹਨ। ਕਿਸਾਨ ਅੰਦੋਲਨ ਨੂੰ ਪੂਰੇ ਦੇਸ਼ ਵਿਚੋਂ ਵੱਡਾ ਸਮਰਥਨ ਮਿਲ ਰਿਹਾ ਹੈ। ਨਤੀਜੇ ਵਜੋਂ ਕਿਸਾਨ ਨੇਤਾਵਾਂ ਨੇ ਚੋਣਾਂ ਵਿਚ ਖੁਲ੍ਹੇਆਮ ਭਾਜਪਾ ਦੇ ਵਿਰੋਧ ਦੀ ਨੀਤੀ ਅਪਣਾਈ ਹੈ। ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਪਹਿਲੀ ਤੇ ਦੂਸਰੀ ਕਤਾਰ ਨੇ ਪੱਛਮੀ ਬੰਗਾਲ ਵਿਚ ਡੇਰੇ ਲਾਏ ਹੋਏ ਹਨ। ਇਹ ਚੋਣਾਂ ਇਸ ਲਈ ਵੀ ਧਿਆਨ ਦਾ ਕੇਂਦਰ ਬਣੀਆਂ ਹੋਈਆਂ ਹਨ। ਜੇਕਰ ਉਥੇ ਭਾਜਪਾ ਜਿੱਤ ਜਾਂਦੀ ਹੈ ਤਾਂ ਕੇਂਦਰ ਸਰਕਾਰ ਕਿਸਾਨ ਅੰਦੋਲਨ 'ਤੇ ਸਖ਼ਤੀ ਦਾ ਰੁਖ਼ ਅਪਣਾਏਗੀ ਅਤੇ ਜੇਕਰ ਭਾਜਪਾ ਦੀ ਹਾਰ ਹੁੰਦੀ ਹੈ ਤਾਂ ਕਿਸਾਨ ਹੋਰ ਹਮਲਾਵਰ ਨੀਤੀ ਅਖਤਿਆਰ ਕਰੇ ਅਤੇ ਇਨ੍ਹਾਂ ਚੋਣ-ਨਤੀਜਿਆਂ ਦਾ ਨੇੜ-ਭਵਿੱਖ ਵਿਚ ਹੋਣ ਵਾਲੀਆਂ ਚੋਣਾਂ 'ਤੇ ਗਹਿਰਾ ਪ੍ਰਭਾਵ ਪਵੇਗਾ। ਇਹੀ ਕਾਰਨ ਹੈ ਕਿ ਮੀਡੀਆ ਵੀ ਇਨ੍ਹਾਂ ਚੋਣਾਂ ਵਿਚ ਵੱਡੀ ਦਿਲਚਸਪੀ ਲੈ ਰਿਹਾ ਹੈ। ਬਹੁਤ ਸਾਰੇ ਚਰਚਿਤ ਪੱਤਰਕਾਰ ਜਿਹੜੇ ਪਿਛਲੇ ਮਹੀਨਿਆਂ ਦੌਰਾਨ ਲਗਾਤਾਰ ਕਿਸਾਨ ਅੰਦੋਲਨ ਦੀ ਕਵਰੇਜ ਕਰਦੇ ਰਹੇ ਇਨ੍ਹੀਂ ਦਿਨੀਂ ਬੰਗਾਲ ਦੀਆਂ ਸੜਕਾਂ 'ਤੇ ਘੁੰਮਦੇ ਵੇਖੇ ਜਾ ਸਕਦੇ ਹਨ। ਸੀ-ਸਟੋਰ ਦਾ ਚੋਣ ਸਰਵੇਖਣ ਜਿਹੜਾ ਏ ਬੀ ਪੀ ਨਿਊਜ਼ ਸਮੇਤ ਕਈ ਚੈਨਲਾਂ ਨੇ ਪੇਸ਼ ਕੀਤਾ, ਅਨੁਸਾਰ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਨੂੰ 294 ਵਿਚੋਂ 162, ਭਾਜਪਾ ਨੂੰ 98, ਕਾਂਗਰਸ ਅਤੇ ਖੱਬੇਪੱਖੀ ਪਾਰਟੀਆ ਨੂੰ 34 ਸੀਟਾਂ ਮਿਲਣ ਦੀ ਸੰਭਾਵਨਾ ਹੈ। ਕੇਰਲਾ ਵਿਚ ਐਲ ਡੀ ਐਫ਼ ਨੂੰ 91, ਯੂ ਡੀ ਐਫ਼ ਨੂੰ 47 ਅਤੇ ਭਾਜਪਾ ਨੂੰ 02 ਸੀਟਾਂ ਮਿਲਦੀਆਂ ਵਿਖਾਈਆਂ ਹਨ।

ਅਸਾਮ ਦੀਆਂ 126 ਸੀਟਾਂ ਵਿਚੋਂ ਭਾਜਪਾ+ ਨੂੰ 65 ਅਤੇ ਕਾਂਗਰਸ+ ਨੂੰ 60 ਸੀਟਾਂ 'ਤੇ ਜਿੱਤੇ ਹਾਸਲ ਹੋ ਸਕਦੀ ਹੈ। ਤਾਮਿਲਨਾਡੂ ਵਿਚ ਡੀ ਐਮ ਕੇ- ਕਾਂਗਰਸ ਗੱਠਜੋੜ ਨੂੰ 162 ਅਤੇ ਏ ਆਈ ਏ ਡੀ ਐਮ ਕੇ ਨੂੰ 76 ਦੇ ਕਰੀਬ ਸੀਟਾਂ ਮਿਲਣ ਦੀ ਸੰਭਾਵਨਾ ਵਿਖਾਈ ਹੈ।


ਸੀ-ਵੋਟਰ ਨੇ ਜਦ ਪੁੱਡੂਚੇਰੀ ਦੇ ਲੋਕਾਂ ਦਾ ਮਨ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਸਾਹਮਣੇ ਆਇਆ ਕਿ ਐਨ ਡੀ ਏ ਜਿਸ ਵਿਚ ਭਾਜਪਾ, ਏ ਆਈ ਐਨ ਆਰ ਸੀ ਅਤੇ ਏ ਆਈ ਡੀ ਐਮ ਕੇ ਪਾਰਟੀਆਂ ਸ਼ਾਮਲ ਹਨ ਨੂੰ 21 ਸੀਟਾਂ ਮਿਲ ਸਕਦੀਆਂ ਹਨ। ਜਦਕਿ ਕਾਂਗਰਸ ਅਤੇ ਡੀ ਐਮ ਕੇ ਗੱਠਜੋੜ ਨੂੰ ਕੇਵਲ 9 ਸੀਟਾਂ 'ਤੇ ਸਬਰ ਕਰਨਾ ਪੈ ਸਕਦਾ ਹੈ। ਚੋਣ ਸਰਵੇਖਣਾਂ ਦਾ ਲੰਮਾ ਇਤਿਹਾਸ ਹੈ। ਦੁਨੀਆਂ ਭਰ ਵਿਚ ਚੋਣ ਸਰਵੇਖਣ ਹੁੰਦੇ ਹਨ। ਭਾਰਤ ਵਿਚ ਚੋਣ-ਸਰਵੇਖਣਾਂ ਸਮੇਂ ਵਾਹਵਾ ਹੋ-ਹੱਲਾ ਮੱਚਦਾ ਹੈ। ਪ੍ਰਤੀਕਰਮ-ਦਰ-ਪ੍ਰਤੀਕਰਮ ਆਉਂਦੇ ਹਨ। ਭਾਵੇਂ ਭਾਰਤ ਵਿਚ ਚੋਣ-ਸਰਵੇਖਣਾਂ ਦੀ ਕਾਫ਼ੀ ਚਰਚਾ ਹੁੰਦੀ ਹੈ ਪਰੰਤੂ ਇਹ ਭਰੋਸੇਯੋਗ ਨਹੀਂ ਹੁੰਦੇ। ਜੇਕਰ ਸਾਰੇ ਚੋਣ-ਸਰਵੇਖਣ ਆਪਸ ਵਿਚ ਮੇਲ ਖਾਂਦੇ ਹੋਣ ਤਾਂ ਇਨ੍ਹਾਂ ਦਾ ਚੋਣਾਂ ਉਪਰ ਪ੍ਰਭਾਵ ਪੈਂਦਾ ਹੈ। ਵਿਚਕਾਰਲਾ ਵੋਟਰ ਜਿਸਨੇ ਪੱਕਾ ਮਨ ਨਹੀਂ ਬਣਾਇਆ ਹੁੰਦਾ ਉਹ ਜੇਤੂ ਵਿਖਾਈ ਗਈ ਧਿਰ ਵੱਲ ਖਿਸਕ ਜਾਂਦਾ ਹੈ। ਸਰਵੇ ਕਰਨ ਵਾਲੀਆਂ ਏਜੰਸੀਆਂ ਨੂੰ ਮੀਡੀਆ ਅਦਾਰਿਆਂ, ਚੈਨਲਾਂ, ਸਿਆਸੀ ਪਾਰਟੀਆਂ ਅਤੇ ਸਿਆਸੀ ਨੇਤਾਵਾਂ ਪਾਸੋਂ ਕਮਿਸ਼ਨ ਮਿਲਦਾ ਹੈ। ਭਾਰਤੀ ਚੋਣ-ਸਰਵੇਖਣਾਂ ਦੇ ਸੰਬੰਧ ਵਿਚ ਅਜਿਹੀਆਂ ਅਨੇਕਾਂ ਉਦਾਹਰਨਾਂ ਮੌਜੂਦ ਹਨ। ਇਹੀ ਕਾਰਨ ਹੈ ਕਿ ਕਈ ਵਾਰ ਨਤੀਜਿਆਂ ਦੇ ਨੇੜ ਤੇੜ ਰਹਿਣ ਦੇ ਬਾਵਜੂਦ ਦੇਸ਼ਵਾਸੀ ਇਨ੍ਹਾਂ 'ਤੇ ਭਰੋਸਾ ਕਰਨ ਲਈ ਤਿਆਰ ਨਹੀਂ ਹੁੰਦੇ। ਬਹੁਤ ਵਾਰ ਵੇਖਿਆ ਗਿਆ ਹੈ ਕਿ ਚੋਣ ਸਰਵੇਖਣਾਂ ਅਤੇ ਅਸਲ ਨਤੀਜਿਆਂ ਦਰਮਿਆਨ ਵੱਡਾ ਅੰਤਰ ਹੁੰਦਾ ਹੈ। ਅਜਿਹੇ ਚੋਣ-ਸਰਵੇਖਣਾਂ ਪਿੱਛੇ ਏਜੰਸੀਆਂ ਅਤੇ ਚੈਨਲਾਂ ਦਾ ਮਨੋਰਥ ਕਿਸੇ ਪਾਰਟੀ-ਵਿਸ਼ੇਸ਼ ਜਾਂ ਕਿਸੇ ਨੇਤਾ-ਵਿਸ਼ੇਸ਼ ਨੂੰ ਸਿਆਸੀ ਲਾਭ ਪਹੁੰਚਾਉਣਾ ਹੁੰਦਾ ਹੈ। ਇਸੇ ਲਈ ਇਨ੍ਹਾਂ ਦੀ ਭਰੋਸੇਯੋਗਤਾ ਤੇ ਪਾਰਦਰਸ਼ਤਾ 'ਤੇ ਅਕਸਰ ਸਵਾਲ ਉਠਦੇ ਹਨ। ਚੋਣ-ਕਮਿਸ਼ਨ ਵੱਲੋਂ ਚੋਣ-ਸਰਵੇਖਣਾਂ 'ਤੇ ਪਾਬੰਧੀ ਲਾਉਣ ਲਈ ਸਰਕਾਰ ਨੂੰ ਕਈ ਵਾਰ ਪ੍ਰਪੋਜ਼ਲ ਭੇਜੀ ਗਈ ਹੈ। ਸਰਵੇ 'ਤੇ ਆਉਣ ਵਾਲੇ ਖਰਚੇ ਨੂੰ ਘੱਟ ਕਰਨ ਲਈ ਏਜੰਸੀਆਂ ਫੋਨ 'ਤੇ ਜਾਂ ਆਨ ਲਾਈਨ ਸਰਵੇ ਕਰਨ ਲੱਗੀਆਂ ਹਨ। ਇਨ੍ਹਾਂ ਦੀ ਸਭ ਤੋਂ ਵੱਡੀ ਊਣਤਾਈ ਵਧੇਰੇ ਕਰਕੇ ਸ਼ਹਿਰੀ ਖੇਤਰ 'ਤੇ ਕੇਂਦਰਿਤ ਕਰਨਾ ਹੈ। ਦੂਸਰਾ ਸੈਂਪਲ-ਸਾਈਜ਼ ਦਾ ਸੀਮਤ ਤੇ ਛੋਟਾ ਹੋਣਾ ਹੈ। ਫੋਨ 'ਤੇ ਜਾਂ ਆਨ-ਲਾਈਨ ਕੋਈ ਵੀ ਸਹੀ ਤੇ ਸੰਤੁਲਿਤ ਜਾਣਕਾਰੀ ਦੇਣ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹੁੰਦਾ। ਇਸ ਲਈ ਗਲਤੀਆਂ ਦੀ, ਸਰਵੇਖਣ ਤੇ ਨਤੀਜਿਆਂ ਦਰਮਿਆਨ ਅੰਤਰ ਦੀ ਸੰਭਾਵਨਾ ਬਣੀ ਰਹਿੰਦੀ ਹੈ। ਅਜਿਹਾ ਇਸ ਵਾਰ ਵੀ ਵਾਪਰ ਸਕਦਾ ਹੈ।



**ਅਸਾਮ ਦੀਆਂ 126 ਸੀਟਾਂ ਵਿਚੋਂ ਭਾਜਪਾ+ ਨੂੰ 65 ਅਤੇ ਕਾਂਗਰਸ+ ਨੂੰ 60 ਸੀਟਾਂ 'ਤੇ ਜਿੱਤੇ ਹਾਸਲ ਹੋ ਸਕਦੀ ਹੈ। ਤਾਮਿਲਨਾਡੂ ਵਿਚ ਡੀ ਐਮ ਕੇ- ਕਾਂਗਰਸ ਗੱਠਜੋੜ ਨੂੰ 162 ਅਤੇ ਏ ਆਈ ਏ ਡੀ ਐਮ ਕੇ ਨੂੰ 76 ਦੇ ਕਰੀਬ ਸੀਟਾਂ ਮਿਲਣ ਦੀ ਸੰਭਾਵਨਾ ਵਿਖਾਈ ਹੈ।**

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

" ਆਪਣੇ ਭਾਈਚਾਰੇ ਦਾ ਮਾਣ "
NOW OPEN 2ND LOCATION IN ABBOTSFORD
UNIT #4, 2599 CEDAR PARK, PLACE
ABOVE MONA CLOTH HOUSE
PH: 604.615.8731




I.C.B.C. Claims
• No Win No Fee
Criminal Law
• Homicide and Attempted Homicide
• Extradition Matters
• Drug Offences
• Assaults
• Sexual Assaults
• Drinking and Driving Offences
• Theft and Robbery
• Offences relating to Prostitution
Divorce Cases
Immigration Law
• Immigration Appeals
• Overseas sponsorships of spouses, dependant children and parents
• Inland sponsorships of spouses, dependant children and parents
• Provincial Nominee Programs (PNP)
• Skilled Worker category
• Self-Employed
• Investor and Entrepreneur Immigration
• Work-Permits
Real Estate
• Commercial and Real Estate
• Purchase and Sale of Property
• Financing and Refinancing
• Mortgages First and Subsequent
• ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
• ਕ੍ਰਿਮਨਲ ਲਾਅ • ਡਾਈਵੋਰਸ ਕੇਸ
• ਇਮੀਗ੍ਰੇਸ਼ਨ ਲਾਅ • ਰੀਅਲ ਐਸਟੇਟ
FREE Consultation
604.543.3886
Moved to New Location
13025 - 80TH AVE.,
SURREY
SINGH THIND & ASSOCIATES
BARRISTERS & SOLICITORS

# 43 ਡਾਲਰੀ ਅੰਬ





ਕਲਵੰਤ ਸਿੰਘ ਸਹੋਤਾ
604-589-5919

ਤਰਤਾਲੀ ਡਾਲਰ ਦੇ ਅੰਬ ਦੀ ਗੱਲ ਮੈਂ ਬਾਅਦ 'ਚ ਕਰੂੰ, ਪਹਿਲਾਂ ਅੰਬਾਂ ਬਾਰੇ ਜਰਾ ਗੱਲ ਕਰਦੇ ਹਾਂ।ਅੰਬਾਂ ਦੀਆਂ ਬੜੀਆਂ ਕਿਸਮਾਂ ਹਨ। ਸੰਧੂਰੀ ਅੰਬ, ਸਹਾਰਨਪੁਰੀ ਅੰਬ, ਹੁਸ਼ਿਆਰਪੁਰੀ ਅੰਬ, ਦੁਸੈਹਰੀ ਅੰਬ, ਟਪਕਾ ਅੰਬ, ਕਲਮੀ ਅੰਬ ਇਤ ਆਦਿ। ਅੰਬ ਦਾ ਨਾਂ ਸੁਣ ਕੇ ਮੇਰੇ ਮੂੰਹ 'ਚ ਪਾਣੀ ਆ ਜਾਂਦਾ ਹੈ ਬਚਪਨ 'ਚ ਰੱਜ ਕੇ ਚੂਪੇ ਅੰਬਾਂ ਦਾ ਜਦ ਚੇਤਾ ਆਉਂਦਾ ਤਾਂ ਮੂੰਹ ਉਵੇਂ ਸੁਆਦ ਨਾਲ ਭਰ ਜਾਂਦਾ ਜਿਵੇਂ ਸੱਚੀਂ-ਮੁੱਚੀਂ ਅੰਬ ਚੂਪ ਰਹੇ ਹੋਈਏ। ਸਾਡੇ ਪਿੰਡ ਅੰਬਾਂ ਦੇ ਬਾਗ ਵੀ ਸਨ, ਪਰ ਨਾਲ ਹੀ ਬਹੁਤੇ ਖੂਹਾਂ ਤੇ ਵੀ ਅੰਬਾਂ ਅਤੇ ਜਾਮਣਾਂ ਦੇ ਦਰਖਤ ਆਮ ਸਨ; ਸਾਡੇ ਖੂਹ ਦੇ ਬੰਜਰ 'ਚ ਤਾਂ ਤੂਤਾਂ ਦੇ ਭਾਰੀ ਦਰਖਤਾਂ ਦੀ ਝਿੜੀ ਹੀ ਸੀ, ਅਤੇ ਅੰਬਾਂ ਦਾ ਕੋਈ ਦਰਖਤ ਨਹੀਂ ਸੀ। ਸਾਡੇ ਲੇਹੀ ਵਾਲੇ ਖੇਤਾਂ ਦੇ ਬੰਨੇ ਨਾਲ ਲਗਦਾ ਇੱਕ ਚਾਰ ਪੰਜ ਏਕੜ 'ਚ ਅੰਬਾਂ ਦਾ ਬਾਗ ਸੀ, ਤੇ ਸਾਡੇ ਉਸ ਦੇ ਨਾਲ ਲਗਦੇ ਖੇਤ ਦਾ ਨਾਉਂ ਵੀ ਬਾਗ ਵਾਲਾ ਖੇਤ ਹੀ ਪੈ ਗਿਆ ਸੀ। ਬਰਸਾਤਾਂ ਦੇ ਮੌਸਮ 'ਚ ਜਦੋਂ ਅੰਬ ਪੱਕਦੇ ਤਾਂ ਰੱਜ ਰੱਜ ਅੰਬ ਚੂਪਣਾ ਆਮ ਬਣ ਜਾਂਦਾ। ਸਾਡੇ ਪਿੰਡ, ਹੁਸ਼ਿਆਰਪੁਰ ਜਿਲੇ ਦੇ ਪਿੰਡਾਂ ਵਾਂਗੂੰ ਤਾਂ ਅੰਬਾਂ ਦਾ ਗੜ੍ਹ ਨਹੀਂ ਸੀ ਪਰ ਸਾਡੇ ਪਿੰਡ ਦੇ ਬਾਗਾਂ ਦੇ ਅੰਬ ਪਿੰਡ ਵਾਸੀਆਂ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਦੀ ਲੋੜ ਨਾਲੋਂ ਵੱਧ ਹੁੰਦੇ ਸਨ। ਆਪਣੀ ਮਰਜ਼ੀ ਨਾਲ ਬਾਗ 'ਚੋਂ ਮਨ ਪਸੰਦ ਦੇ ਦਰਖਤ ਦੇ ਅੰਬ ਤੁੜਵਾ ਕੇ ਲਿਆਉਣੇ ਤੇ ਘਰ ਆ, ਪਾਣੀ ਦੀ ਠੰਢੀ ਬਾਲਟੀ 'ਚ ਕੁੱਝ ਚਿਰ ਰੱਖ ਉਪਰੰਤ ਚੂਪਣ ਦਾ ਜੋ ਮਜਾ ਆਉਂਦਾ ਸੀ ਉਹ ਸ਼ਹਿਰੋਂ ਲਿਆਂਦੇ ਕੱਟ ਕੇ ਖਾਧੇ ਕਲਮੀਂ ਅੰਬਾਂ ਦਾ ਨਹੀਂ ਸੀ ਆਉਂਦਾ।- ਠੰਢੇ ਪਾਣੀ 'ਚ, ਠੰਢੇ ਹੋਏ ਅੰਬ ਜਦੋਂ ਸੜ੍ਹਾਕੇ ਮਾਰ ਮਾਰ ਚੂਪਣੇ ਤੇ ਮਗਰੋਂ ਛਿੱਲ ਨਾਲ ਚਿਪਕਿਆ, ਰਹਿੰਦਾ ਗੁੱਦਾ ਦੰਦਾਂ ਨਾਲ ਚਰੂੰਡਣ ਉਪਰੰਤ ਅੰਬ ਦੀ ਗਿਟਕ ਨੂੰ ਚੂਪੀ ਹੀ ਤੁਰੇ ਜਾਣਾ ਜਿੰਨਾ ਚਿਰ ਅੰਬ ਦੀ ਗਿਟਕ ਚੂਪ ਚੂਪ ਰੜੇ ਪਟੱਕ ਥਾਂ ਵਰਗੀ ਨਾ ਹੋ ਜਾਏ, ਜਾਂ ਇੰਜ ਕਹਿ ਲਓ ਕਿ ਗੰਜੇ ਦੇ ਸਿਰ ਵਰਗੀ ਨਾ ਹੋ ਜਾਂਦੀ। ਘਰ ਦੇ ਵਿਹੜੇ 'ਚ ਠੰਢੀ ਨਿੰਮ ਦੇ ਦਰਖਤ ਦੀ ਛਾਵੇਂ ਮੰਜਿਆਂ ਤੇ ਬੈਠ, ਵਿਚਕਾਰ ਠੰਢੇ ਪਾਣੀ 'ਚ ਅੰਬਾਂ ਦੀ ਭਰੀ ਬਾਲਟੀ ਰੱਖ, ਅੰਬ ਚੂਪਣ ਵਾਲੇ ਬਾਕੀ ਦੇ ਜੀਆਂ ਦੇ ਬਣੇ ਝੁਰਮਟ 'ਚ ਬੈਠਿਆਂ ਮਨ 'ਚ ਕਾਹਲ ਰਹਿੰਦੀ ਸੀ ਕਿ ਦਬਾ-ਦਬ ਹੱਥ ਫੜਿਆ ਅੰਬ ਚੂਪ, ਅਗਲਾ ਵਧੀਆ ਰਸੇ ਵਾਲਾ ਅੰਬ ਛੇਤੀ ਚੁੱਕੀਏ ਮਤਾਂ ਕੋਈ ਹੋਰ ਨਾ ਪਹਿਲਾਂ ਚੂਪ ਜਾਏ।ਕਈ ਅਣਜਾਣ ਤਾਂ ਅੰਬ ਚੂਪਦਿਆਂ ਆਪਣੀ ਕਮੀਜ਼ ਦੀਆਂ ਬਾਹਾਂ ਅਤੇ ਕਫ਼ ਅੰਬ ਦੇ ਰਸੇ ਨਾਲ ਗੜੁੱਚ ਕਰ ਲਿਆ ਕਰਦੇ ਸਨ। ਅੰਬ ਚੂਪਣ ਦੇ ਮਾਹਰ ਤਾਂ ਕਮੀਜ਼ ਦੀਆਂ ਬਾਹਾਂ ਕੂਹਣੀਆਂ ਤੱਕ ਉੱਪਰ ਚੜ੍ਹਾ, ਮੰਜੇ ਦੀ ਬਾਹੀ ਤੇ ਬੈਠ, ਥੋੜ੍ਹਾ ਮੂਹਰੇ ਨੂੰ ਮੂਧੇ ਹੋ ਚੂਪਦੇ ਤਾਂ ਡਿਗਦਾ ਅੰਬ ਦਾ ਰਸਾ ਧਰਤੀ ਤੇ ਹੀ ਡਿਗਦਾ ਨਾ ਕਿ ਗੋਡਿਆਂ ਜਾਂ ਕਮੀਜ਼ ਦਿਆਂ ਕਫ਼ਾਂ ਤੇ। ਇਸ ਤਰ੍ਹਾਂ ਅੰਬ ਚੂਪਣ ਦਾ ਇੱਕ ਵੱਖਰਾ ਹੀ ਅਨੰਦ ਅਤੇ ਲਹਿਜਾ ਸੀ।- ਸਮੇਂ ਦੇ ਗੇੜ ਨੇ ਬਹੁਤ ਕੁੱਝ ਬਦਲ ਦਿੱਤਾ, ਸਾਡੇ ਪਿੰਡ ਦੇ ਸਾਰੇ ਅੰਬਾਂ ਦੇ ਬਾਗ ਹੁਣ ਪੁੱਟੇ ਗਏ ਹਨ ਤੇ ਓਥੇ ਕਣਕ ਅਤੇ ਝੋਨਾ ਬੀਜ ਹੁੰਦਾ ਹੈ; ਸਿਰਫ ਇੱਕ ਬੇਰਾਂ ਦਾ ਬਹੁਤ ਵੱਡਾ ਬਾਗ ਜਰੂਰ ਹੈਗਾ, ਜਿਸ ਦੇ ਬੇਰ ਹਾਲੇ ਵੀ ਦੂਰ ਦੂਰ ਤੱਕ ਮਸ਼ਹੂਰ ਹਨ।

ਚਾਰ ਦਹਾਕਿਆਂ ਤੋਂ ਵੱਧ ਸਮਾਂ ਪਿੰਡ ਛੱਡਿਆ ਹੋਣ ਦੇ ਉਪਰੰਤ, ਕੈਨੇਡਾ ਆਕੇ ਵੀ ਮੇਰਾ ਅੰਬਾਂ ਪ੍ਰਤੀ ਮੋਹ ਭੰਗ ਨਹੀਂ ਹੋਇਆ ਵੈਸੇ ਤਾਂ ਅੰਬ ਸਾਰਾ ਸਾਲ ਹੀ ਇੱਥੇ ਮਿਲਦੇ ਹਨ ਪਰ ਫਰਵਰੀ ਤੋਂ ਜੁਲਾਈ ਤੱਕ ਸੈਂਟਰਲ ਅਮਰੀਕਾ ਦੇ ਮੁਲਕਾਂ ਤੋਂ ਦਰਆਮਦ ਹੋਏ ਵੱਖੋ ਵੱਖਰੇ ਅੰਬਾਂ ਦਾ ਸੁਆਦ ਕਈ ਵਾਰੀ ਪੰਜਾਬ 'ਚ ਚੂਪੇ ਅੰਬਾਂ ਵਾਂਗ ਹੀ ਅਨੰਦ ਦਿੰਦਾ ਹੈ। ਰਾਜਨ ਅੰਬ, ਹੇਡਨ ਅੰਬ, ਸਿਟੀ ਅੰਬ, ਸਵੀਟ ਪੈਸਿਫਿਕ ਆਦਿ ਵੱਖਰੇ ਵੱਖਰੇ ਕਮਰਸ਼ੀਅਲ ਨਾਵਾਂ ਥੱਲੇ ਡੱਬਿਆਂ 'ਚ ਮਿਲਦੇ ਹਨ; ਅੰਬਾਂ ਦਾ ਡੱਬਾ, ਜਿਸ 'ਚ ਅੰਬਾਂ ਦੇ ਅਕਾਰ ਮੁਤਾਬਕ ਸੱਤ ਤੋਂ ਚੌਦਾਂ ਅੰਬ ਹੁੰਦੇ ਹਨ ਤੇ ਕੀਮਤ ਦਸ ਤੋਂ ਪੰਦਰਾਂ ਡਾਲਰ ਹੁੰਦੀ ਹੈ, ਆਮ ਦੇਸੀ ਸਟੋਰਾਂ ਤੇ ਮਿਲਦੇ ਰਹਿੰਦੇ ਹਨ ਤੇ ਸਾਰੀਆਂ ਗਰਮੀਆਂ ਅੰਬਾਂ ਦਾ ਸੁਆਦ ਰੱਜ ਰੱਜ ਚੱਖੀਦਾ।

ਮੈਂ ਅੰਬਾਂ ਦੇ ਬਾਗਾਂ ਵਲ ਮੁੜ ਆਉਨਾ, ਸਾਡੇ ਇਲਾਕੇ 'ਚ ਤਿੰਨ ਮਸ਼ਹੂਰ ਅੰਬਾਂ ਦੇ ਬਾਗ ਸਨ, ਦੋ ਸਾਡੇ ਪਿੰਡ ਦੀ ਜੂਹ 'ਚ ਫਿਰਨੀ ਦੇ ਕੋਲ ਤੇ ਤੀਸਰਾ ਪਿੰਡ ਦੇ ਚੜ੍ਹਦੇ ਪਾਸੇ ਮੀਲ ਕੁ ਦੇ ਫਾਸਲੇ ਤੇ ਸੀ। ਉਹ ਲਾਗਲੇ ਪਿੰਡ ਦੇ ਖੇਤਾਂ 'ਚ ਸੀ, ਪਰ ਸਾਡੇ ਖੇਤ ਨਾਲ ਉਸ ਦਾ ਬੰਨਾ ਲਗਦਾ ਸੀ। ਤਿੰਨਾਂ ਹੀ ਬਾਗਾਂ ਦੇ ਮਾਲਕ ਉਹਨਾਂ ਸਮਿਆਂ 'ਚ ਬਾਗਬਾਨੀ ਦੇ ਬਹੁਤ ਮਾਹਿਰ ਸਨ। ਸਾਡੇ ਖੇਤ ਨਾਲ ਲਗਦਾ ਅੰਬਾਂ ਦਾ ਬਾਗ ਮਹਾਂ ਸਿੰਘ ਦਾ ਸੀ ਤੇ ਦੂਸਰੇ ਦੋ ਬਾਗਾਂ ਦੇ ਮਾਲਕ ਜਸਵੰਤ ਸਿੰਘ ਤੇ ਪ੍ਰਤਾਪ ਸਿੰਘ ਸਨ; ਉਹਨਾਂ ਵੱਖੋ ਵੱਖਰੀਆਂ ਪਿਉਂਦਾਂ ਚਾੜ੍ਹ ਕੇ ਕਈ ਵੱਖਰੀਆਂ ਹੀ ਕਿਸਮਾਂ ਅਤੇ ਸੁਆਦਾਂ/ਸੁਭਾਵਾਂ ਦੇ ਦਰਖਤ ਉਗਾਏ ਹੋਏ ਸਨ। ਜਸਵੰਤ ਸਿੰਘ ਜੋ ਸਾਡੇ ਪਿੰਡ ਦਾ ਕਿੰਨਾ ਹੀ ਚਿਰ ਕਾਮਯਾਬ ਤੇ ਸਤਿਕਾਰਤ ਸਰਪੰਚ ਵੀ ਰਿਹਾ, ਉਸ ਦਾ ਗਭਰੂ ਪੁੱਤ ਮਰ ਗਿਆ, ਜਿਸ ਦਾ ਨਾਂ ਬਲਦੇਵ ਸਿੰਘ ਸੀ: ਜਸਵੰਤ ਸਿੰਘ ਨੇ ਉਸ ਦੇ ਨਾਉਂ ਤੇ ਉਸ ਦੀ ਯਾਦ ਵਿੱਚ, ਪਿਉਂਦ ਚਾੜ੍ਹ ਕੇ ਇੱਕ ਐਸਾ ਅੰਬ ਦਾ ਦਰਖਤ ਆਪਣੇ ਬਾਗ ਵਿੱਚ ਉਗਾਇਆ, ਕਿ ਉਸ ਦਰਖਤ ਦੇ ਅੰਬਾਂ ਦਾ ਸੁਆਦ ਵੱਖਰਾ ਤੇ ਜ਼ਾਇਕਾ ਵੀ ਅਲਹਿਦਾ ਹੀ ਸੀ; ਉਸ ਅੰਬ ਦੇ ਦਰਖਤ ਦਾ ਨਾਉਂ ਵੀ ਉਸ ਬਲਦੇਵ ਅੰਬ ਰੱਖਿਆ।- ਅਸੀਂ ਜਦੋਂ ਅੰਬਾਂ ਦੀ ਰੁੱਤੇ, ਬਾਗ 'ਚੋਂ ਅੰਬ ਲੈਣ ਜਾਣਾ ਤਾਂ ਕਹਿਣਾ ਕਿ ਅਸੀਂ ਬਲਦੇਬ ਅੰਬ ਲੈਣੇ ਹਨ। ਉਹਨਾਂ ਅੰਬਾਂ ਦਾ ਭਾਅ ਦੂਸਰੇ ਅੰਬਾਂ ਦੇ ਮੁਕਾਬਲੇ ਕੁੱਝ ਮਹਿੰਗਾ ਸੀ ਪਰ ਡਾਢੇ ਸੁਆਦੀ ਹੋਣ ਕਰਕੇ ਮਹਿੰਗਾ ਭਾਅ ਕਦੇ ਚੁੱਭਿਆ ਨਹੀਂ ਸੀ। ਪ੍ਰਤਾਪ ਸਿੰਘ ਤੇ ਜਸਵੰਤ ਸਿੰਘ ਦੇ ਅੰਬਾਂ ਦੇ ਬਾਗ ਨਾਲੋਨਾਲ ਸਨ, ਦੋਹਾਂ ਦੇ ਵਿਚਕਾਰ ਇੱਕ ਖੂਹ ਸੀ ਜਿਸ ਤੇ ਹਲ੍ਟ ਲੱਗਾ ਸੀ, ਇਸ ਹਲ੍ਟ ਤੋਂ ਹੀ ਦੋਹਾਂ ਬਾਗਾਂ ਦਾ ਸੋਂਜਾ ਹੁੰਦਾ ਸੀ। ਬਰਸਾਤਾਂ ਮੌਕੇ ਜਦੋਂ ਅੰਬ ਪੱਕਦੇ ਸਨ ਤਾਂ ਦੂਰ ਦੂਰ ਤੱਕ ਉਹਨਾਂ ਦੀ ਵਿੱਕਰੀ ਹੁੰਦੀ ਸੀ। ਛੋਟੇ ਹੁੰਦਿਆਂ ਉਹਨਾਂ ਅੰਬਾਂ ਦਾ ਪਿਆ ਚਸਕਾ, ਹਾਲੇ ਵੀ ਅੰਬ ਦਾ ਨਾਂ ਸੁਣਦਿਆਂ ਮੇਰੇ ਮੂੰਹ 'ਚ ਪਾਣੀ ਆ ਜਾਂਦਾ ਹੈ।

ਹੁਣ ਮੈਂ ਤਰਤਾਲੀ ਡਾਲਰ ਦੇ ਅੰਬ ਵਲ ਆਉਨਾ। ਮੇਰੀ ਪੋਤੀ, ਹੈ ਭਾਵੇਂ ਪੰਜ ਸਾਲ ਦੀ, ਪਰ ਅੰਬਾਂ ਦੀ ਬਹੁਤ ਸ਼ੌਕੀਨ ਹੈ। ਹਾਲੇ ਇੱਕ ਸਾਲ ਦੀ ਹੀ ਸੀ ਕਿ ਐਸਾ ਅੰਬ ਖਾਣ ਦਾ ਮੂੰਹ ਸੁਆਦ ਬਣਿਆ ਕਿ ਅੰਬਾਂ ਦੇ ਮੌਸਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਅੰਬ ਅੰਬ ਕਰਨ ਲੱਗੂ। ਦੇਸੀ ਅਖਬਾਰਾਂ ਦੇ ਮਗਰਲੇ ਸਫੇ ਤੇ, ਦੇਸੀ ਸਟੋਰਾਂ ਵਾਲਿਆਂ ਦੀਆਂ ਫਲਾਂ ਅਤੇ ਸਬਜੀਆਂ ਦੀਆਂ ਫੋਟੋ, ਸਮੇਤ ਭਾਅ ਆਮ ਛਪੀਆਂ ਹੁੰਦੀਆਂ। ਹਾਲੇ ਸਾਲ ਦੀ ਵੀ ਨਹੀਂ ਸੀ ਹੋਈ ਕਿ ਅਖਬਾਰਾਂ 'ਚ ਸਭ ਫੋਟੋਆਂ ਤੇ ਉਂਗਲੀ ਧਰ ਕੇ ਦੱਸ ਦਿੰਦੀ ਸੀ ਕਿ ਇਹ ਅੰਬ ਹੈ, ਸੰਤਰਾ ਹੈ,ਗੋਭੀ ਹੈ, ਸਿਉਂ ਹੈ ਇੱਤ ਆਦਿ: ਪੰਜਾਬੀ ਅਤੇ ਅੰਗਰੇਜ਼ੀ ਦੋਹਾਂ 'ਚ ਹੀ ਨਾਉਂ ਜਾਣ ਗਈ ਸੀ, ਤੇ ਅੰਬਾਂ ਦੀ ਸ਼ੌਕੀਨ ਵੀ ਉਦੋਂ ਤੋਂ ਹੀ ਹੋ ਗਈ ਸੀ।- ਜਨਮ ਤੋਂ ਬਾਅਦ ਸਾਲ ਤੱਕ ਤਾਂ ਮਾਂ ਨਾਲ ਘਰ ਰਹੀ, ਜਦੋਂ ਮਾਂ ਕੰਮ ਤੇ ਜਾਣ ਲੱਗੀ ਤਾਂ ਉਸ ਨੂੰ ਡੇ-ਕੇਅਰ ਛੱਡਣਾ ਪਿਆ। ਕੁੱਝ ਚਿਰ ਹੀ ਹਾਲੇ ਹੋਇਆ ਸੀ ਜਾਂਦੀ ਨੂੰ ਕਿ ਆਪਣੀ ਕੇਅਰ-ਟੇਕਰ ਟੀਚਰ ਨੂੰ ਪੰਜਾਬੀ 'ਚ ਕਹਿਣ ਲੱਗੀ "ਬਾਬਾ ਜੀ ਡੱਬਾ ਅੰਬ" ਉਹਨਾਂ ਨੂੰ ਸਮਝ ਨਾ ਆਏ ਤੇ "ਬਾਬਾ ਜੀ ਡੱਬਾ ਅੰਬ—ਡੱਬਾ ਅੰਬ" ਕਰੀ ਜਾਇਆ ਕਰੇ: ਆਖਿਰ ਟੀਚਰ ਨੇ ਇੱਕ ਦਿਨ, ਜਦੋਂ ਮੇਰਾ ਬੇਟਾ ਕੰਮ ਤੋਂ ਹਟ ਉਸ ਨੂੰ ਲੈਣ ਗਿਆ ਤਾਂ ਪੁੱਛ ਹੀ ਲਿਆ ਕਿ ਇਹ "ਬਾਬਾ ਜੀ ਡੱਬਾ ਅੰਬ.." ਕਹਿੰਦੀ ਰਹਿੰਦੀ ਹੈ, ਸਾਨੂੰ ਸਮਝ ਨਹੀਂ ਆਉਂਦਾ ਕਿ ਕੀ ਕਹਿੰਦੀ ਹੈ? ਸਾਰੇ ਟੀਚਰਾਂ ਦੀਆਂ ਹੱਸ ਹੱਸ ਵੱਖੀਆਂ ਟੁੱਟ ਗਈਆਂ ਜਦੋਂ ਮੇਰੇ ਬੇਟੇ ਨੇ ਦੱਸਿਆ ਕਿ ਇਹ ਕਹਿੰਦੀ ਹੈ ਕਿ ਮੇਰਾ ਬਾਬਾ ਜੀ ਅੰਬਾਂ ਦਾ ਡੱਬਾ ਲਿਆਇਆ ਹੈ, ਤੇ ਅੱਗੋਂ ਇਹ ਦੱਸ ਨਾ ਸਕੇ ਕਿ ਉਹ ਵੜੇ ਸੁਆਦ ਨਾਲ ਖਾਂਦੀ ਹੈ, ਪਰ ਇੱਥੇ ਡੇ-ਕੇਅਰ 'ਚ ਅੰਬ ਦੁਪਹਿਰ ਦੇ ਖਾਣੇ ਨਾਲ ਮਿਲਦੇ ਨਹੀਂ!

ਹੁਣ ਉਹ ਪੰਜ ਸਾਲ ਦੀ ਹੋ ਗਈ ਹੈ, ਅੰਬਾਂ ਦੀ ਸੌਂਮੇਰੇ ਨਾਲੋਂ ਵੀ ਜ਼ਿਆਦਾ ਹੈ। ਹਾਲੇ ਫਰਵਰੀ 'ਚ ਅੰਬਾਂ ਦਾ ਸੀਜਨ ਸ਼ੁਰੂ ਵੀ ਨਹੀਂ ਸੀ ਹੋਇਆ ਕਿ ਦੇਸੀ ਅਖਬਾਰ ਦੇ ਮਗਰਲੇ ਸਫੇ ਤੇ ਅੰਬਾਂ ਦੇ ਡੱਬੇ ਦੀ ਫੋਟੋ ਦੇਖ ਕੇ ਕਹਿਣ ਲੱਗੀ "ਬਾਬਾ ਜੀ ਅੰਬ ਲਿਆਓ" ਮੈਂ ਦੋ ਚਾਰ ਦਿਨ ਤਾਂ ਟਾਲਦਾ ਰਿਹਾ ਕਿ ਲਿਆਵਾਂਗਾ, ਪਰ ਜਦ ਨਾ ਹੀ ਹਟੀ ਤਾਂ ਉਚੇਚਾ ਉਸੇ ਸਟੋਰ ਨੂੰ ਤੁਰ ਪਿਆ ਜਿਸ ਸਟੋਰ ਦੀ ਮਸ਼ਹੂਰੀ (ਐਡ) ਦਾ ਉਸ ਅੰਬਾਂ ਦਾ ਡੱਬਾ ਦੇਖਿਆ ਸੀ।-ਸਟੋਰ ਪਹੁੰਚ, ਅੰਦਰ ਜਾ ਕੇ ਦੇਖਿਆ ਤਾਂ ਅੰਬ ਕਿਸੇ ਕੰਮਦੇ ਨਾ! ਉਹਨੀਂ ਪੈਰੀਂ ਬਰੰਗ ਮੁੜ ਪਿਆ, ਬਾਹਰ ਆ ਪਾਰਕਿੰਗ ਲਾਟ 'ਚ ਆਪਣੀ ਗੱਡੀ ਰੀਵਰਸ ਕਰਦਿਆਂ, ਪਿਛਲੇ ਪਾਸੇ ਖੜੀ ਵੈਨ 'ਚ ਠਾਹ ਜੜ ਦਿੱਤੀ, ਪਤਾ ਉਦੋਂ ਲੱਗਾ ਜਦੋਂ ਜ਼ੋਰ ਨਾਲ ਖੜਕਾ ਹੋਇਆ। ਸੱਜੇ ਪਾਸੇ ਸ਼ੀਸ਼ੇ 'ਚ ਦੇਖੀ ਗਿਆ ਰੀਅਰ ਵਿਊ ਮਿਰਰ ਵਲ ਧਿਆਨ ਨਾ ਕੀਤਾ! ਗੱਡੀ ਜਿੱਥੋਂ ਕੱਢ ਰਿਹਾ ਸੀ ਮੁੜ ਉੱਥੇ ਲਾ ਜਦੋਂ ਬਾਹਰ ਨਿਕਲਿਆ ਤਾਂ ਉਸੇ ਵੈਨ ਦਾ ਮਾਲਕ ਵੀ ਦੋ ਝੋਲੇਹੱਥਾਂ 'ਚ ਲਮਕਾਈ ਉਸੇ ਸਟੋਰ 'ਚੋਂ ਸੌਦਾ ਚੁੱਕੀ ਆਉਂਦਾ ਆ ਪੁੱਜਿਆ; ਪੈਂਦੀ ਸੱਟੇ ਹੀ ਕਹਿੰਦਾ "ਠੋਕ ਦਿੱਤੀ--" ਮੈਂ ਕਿਹਾ "ਹਾਂ ਬਈ ਮੈਥੋਂ ਤੇਰੀ ਵੈਨ 'ਚ ਗੱਡੀ ਵੱਜ ਗਈ" ਇਹ ਮੇਰਾ ਜੁਆਬ ਸੁਣ ਕੇ ਉਸ ਆਪਣਾ ਲੈਕਚਰ ਝਾੜਨਾ ਸ਼ੁਕਰ ਦਿੱਤਾ "ਗੱਡੀ ਧਿਆਨ ਨਾਲ ਚਲਾਇਆ ਕਰ--ਬੇਧਿਆਨਾ ਕਿਸੇ ਨੂੰ ਮਾਰ ਦਏਂਗਾ—ਜਾਂ ਆਪ ਮਰ ਜਾਏਂਗਾ--"। ਮੈਂ ਕਿਹਾ "ਠੀਕ ਹੈ—ਮੈਂ ਆਪਣੇ ਪੇਪਰ ਲਿਆਉਨਾ, ਤੂੰ ਆਪਣੇ ਕੱਢ ਆਪਾਂ ਜਣਕਾਰੀ ਤਬਦੀਲ ਕਰ ਲਈਏ" ਅੱਗੋਂ ਇੱਕ ਦਮ ਬੋਲਿਆ "ਮੈਨੂੰ ਨਹੀਂ ਕੁੱਝ ਚਾਹੀਦਾ—ਮੈਂ ਨਹੀਂ ਪੇਪਰ ਲਿਆਉਣੇ" ਮੈਂ ਸੋਚਿਆ ਮਖੌਲ ਕਰਦਾ ਹੋਊ, ਕਸੂਰਵਾਰ ਜਿਊਂ ਮੈਂ ਹਾਂ! ਮੁੜ ਕੇ ਮੈਂ ਆਪਣੀ ਗੱਡੀ 'ਚ ਪੇਪਰ ਕੱਢਣ ਲੱਗਾ ਤਾਂ ਉਹ ਆਪਣੀ ਵੈਨ 'ਚ ਦੋਵੇਂ ਝੋਲ੍ਹੇ ਧਰ, ਵੈਨ ਸਟਾਰਟ ਕਰ ਉੱਥੋਂ ਤੁਰਦਾ ਬਣਿਆ। ਜਦ ਮੈਂ ਬਾਹਰ ਨਿਕਲਿਆ ਤਾਂ ਨਾ ਓਥੇ ਵੈਨ ਅਤੇ ਨਾ ਹੀ ਉਹ ਆਪ।

ਮੈਂ ਹੈਰਾਨ ਪ੍ਰੇਸ਼ਾਨ ਵੜੇ ਅਚੰਭੇ ਨਾਲ ਸੋਚਣ ਲੱਗਾ ਕਿਕਸੂਰ ਤਾਂ ਮੇਰਾ! ਉਹ ਕਿਉਂ ਕਾਹਲੀ ਨਾਲ ਚਲਾ ਗਿਆ? ਉਸ ਦੀ ਵੱਡੀ ਵੈਨ ਦਾ ਲੋਹੇ ਦਾ ਬੰਪਰ ਸੀ, ਉੱਪਰ ਕਾਲਾ ਰੰਗ ਕੀਤਾ ਹੋਇਆ ਸੀ; ਮੇਰੀ ਗੱਡੀ ਤੇ ਕਾਲੇ ਰੰਗ ਦਾ ਦਾਗ ਵੀ ਝਰੀਟਿਆ ਗਿਆ ਤੇਪਿਛਲਾ ਬੰਪਰ ਵੀ ਦੋਫਾੜ ਹੋ ਗਿਆ। ਖਿਆਲ ਆਇਆ ਕਿ ਫਰਾਖ ਦਿਲਬੰਦਾ ਸੀ ਜਿਸ ਨੇ ਮੇਰੇ ਤੇ ਰਹਿਮ ਕੀਤਾ;ਨਹੀਂ ਤਾਂ ਕਾਰ ਬੀਮਾ ਕੰਪਨੀ ਨੇ ਮੈਨੂੰ ਡਾਢਾ ਰਗੜਾ ਚਾੜ੍ਹਨਾ ਸੀ, ਪਰ ਥੋੜੇ ਚਿਰ ਬਾਅਦ ਹੀ ਖਿਆਲ ਆਉਣ ਲੱਗਾ ਅਤੇ ਯਾਦ ਆਇਆ ਕਿ ਇੱਕ ਵਾਰੀ, ਇਸੇ ਗੱਡੀ ਦੇ, ਸਾਡੇ ਘਰ ਦੇ ਮੁਹਰੇ ਖੜ੍ਹੀ ਦੇ, ਗੁਆਂਢੀਆਂ ਦੇ ਆਏ ਇੱਕ ਪ੍ਰਾਹੁਣੇ ਨੇ ਆਪਣੀ ਕਾਰ ਬੈਕ ਕਰਦਿਆਂ, ਮੁਹਰਲੇ ਬੰਪਰ 'ਚ ਆਪਣੀ ਕਾਰ ਦੇ ਪਿਛਲੇ ਭਾਰੀ ਲੋਹੇ ਦੇ ਬੰਪਰ ਦਾ ਖੂੰਜਾ ਮਾਰ ਗੋਲ ਮਘੋਰਾ ਕਰ ਦਿੱਤਾ ਸੀ। ਉਸ ਕੋਲ ਡਰਾਈਵਰ ਲਾਇਸੰਸ ਵੀ ਨਹੀਂ ਸੀ ਅਤੇ ਨਾ ਹੀ ਕਾਰ ਦੀ ਰਜਿਸਟਰੇਸ਼ਨ, ਬਿਨਾ ਕਾਗਜ਼ਾਂ ਪੱਤਰਾਂ ਦੇ ਹੀ ਕਾਰ ਚਲਾਈ ਫਿਰਦਾ ਸੀ।- ਗੁਆਂਢੀਆਂ ਉਸ ਪ੍ਰਾਹੁਣੇ ਨੂੰ ਬਚਾਉਣ ਲਈ ਕਹਿ ਸੁਣ ਕੇ ਕਿਸੇ ਵਾਕਫ ਬਾਡੀ ਸ਼ਾਪ ਵਾਲੇ ਤੋਂ ਮੇਰੀ ਕਾਰ ਦਾ ਉਹ ਬੰਪਰ ਨਵਾਂ ਪੁਆ ਦਿੱਤਾ, ਜਿਸ ਦਾ ਬਾਡੀ ਸ਼ਾਪ ਵਾਲੇ ਪੰਜ ਸੌ ਡਾਲਰ ਲਿਆ; ਤੇ ਉਹ ਪੰਜ ਸੌ ਦਿੱਤਾ ਵੀ ਗੁਆਂਢੀਆਂ ਨੇ ਹੀ।-ਮੈਂ ਸੋਚਾਂ ਹੁਣ ਤਾਂ ਕਸੂਰ ਮੇਰਾ ਹੈ, ਜੇ ਮੈਂ ਵੀ ਉਸੇ ਬਾਡੀ ਸ਼ਾਪ ਵਾਲੇ ਕੋਲ ਜਾ ਕੇ ਹੁਣ ਨਵਾਂ ਬੰਪਰ ਪੁਆਵਾਂ ਤਾਂ ਘੱਟੋ ਘੱਟ ਪੰਜ ਸੌ ਤਾਂ ਉਹ ਲਏਗਾ ਹੀ!-ਬੰਪਰ ਵੀ ਭੰਨਿਆ, ਅੰਬਾਂ ਦਾ ਡੱਬਾ ਵੀ ਨਾ ਮਿਲਿਆ, ਸੋਚਾਂ 'ਚ ਗੜੁੱਚ ਘਰ ਨੂੰ ਮੁੜਦਾ ਰਾਹ ਚ ਦੂਸਰੇ ਗਰੌਸਰੀ ਸਟੋਰ 'ਚ ਜਾ ਵੜਿਆ ਤਾਂ ਦੇਖਿਆ ਕਿ ਬਹੁਤ ਵਧੀਆ ਸੰਧੂਰੀ ਅੰਬ, ਤੇਰਾਂ ਡਾਲਰ ਦਾ ਡੱਬਾ, ਤੇ ਵਿੱਚ ਬਾਰਾਂ ਅੰਬ, ਦੇਖ ਮਨ ਗਦ ਗਦ ਹੋ ਗਿਆ।-ਜਦ ਮੈਂ ਪੰਜਾਬ ਮਿਡਲ ਸਕੂਲ ਪੜ੍ਹਦਾ ਸੀ, ਤਾਂ ਉੱਥੇ ਮੈਥੇਮੈਟਿਕਸ (ਹਿਸਾਬ) ਦਾ ਮਾਸਟਰ (ਟੀਚਰ) ਮਹਿੰਗਾ ਰਾਮ ਸੀ; ਉਦੋਂ ਮਾਸਟਰ ਵੀ ਨਹੀਂ ਸੀ ਕਹੀਦਾ ਸਗੋਂ "ਮਾਹਟਰ ਜੀ" ਹੀਸੱਦੀਦਾ ਸੀ ਜਿਹੜਾ ਮਾਸਟਰ ਮਹਿੰਗਾ ਰਾਮ ਦੀ ਮਾਰ ਝੱਲ ਹਿਸਾਬ ਦਾ ਵਿਸ਼ਾ ਪੜ੍ਹ ਜਾਂਦਾ ਸੀ, ਉਸ ਦਾ ਐਸਾ ਅਗਲੇਰੀ ਪੜ੍ਹਾਈ ਦਾ ਨਿੱਗਰ ਆਧਾਰ ਬਣ ਜਾਂਦਾ ਕਿ ਆਉਣ ਵਾਲੀਆਂ ਅਗਲੇਰੀਆਂ ਜਮਾਤਾਂ 'ਚ ਉਹ ਕਦੇ ਵੀ ਹਿਸਾਬ ਅਤੇ ਅਲਜਬਰੇ ਵਿੱਚ ਮਾਰ ਨਹੀਂ ਸੀ ਖਾਂਦਾ। ਸਬੱਬ ਨਾਲ ਮੇਰਾ ਮਾਸਟਰ ਵੀ ਉਹੀ ਸੀ ਤੇ ਮੈਨੂੰ ਉਸ ਹਿਸਾਬ ਦੇ ਵਿਸ਼ੇ 'ਚ ਪ੍ਰਪੱਕ ਕੀਤਾ ਹੋਣ ਕਰਕੇ, ਇਸ ਅੰਬਾਂ ਦੀ ਗਿਣਤੀ-ਮਿਣਤੀ ਦੇ ਮਾਮੂਲੀ ਝਮੇਲੇ 'ਚ ਫਸੇ ਨੂੰ ਹਿਸਾਬ -ਕਿਤਾਬ ਕਰਨਾ ਕੋਈ ਔਖਾ ਨਾ ਭਾਸਿਆ। ਮੈਂ ਝੱਟ-ਪੱਟ ਹਿਸਾਬ ਲਾ ਲਿਆ ਕਿ ਪੰਜ ਸੌ ਬੰਪਰ ਦਾ, ਤੇਰਾਂ ਡਾਲਰ ਦਾ ਅੰਬਾਂ ਦਾ ਡੱਬਾ, ਕੁੱਲ ਬਣੇ ਪੰਜ ਸੌ ਤੇਰਾਂ, ਨੂੰ ਤਕਸੀਮ ਕੀਤਾ ਬਾਰਾਂ ਨਾਲ, ਰਾਊਂਡ ਅਪ ਕਰਕੇ ਉੱਤਰ ਆਇਆ ਤਰਤਾਲੀ; ਤੇ ਇੰਜ ਇੱਕ ਅੰਬ ਤਰਤਾਲੀ ਡਾਲਰ ਦਾ ਪਿਆ।

ਹੁਣ ਮੈਂ ਘਰ ਨੂੰ ਆਉਂਦਾ ਸੋਚਾਂ ਕਿ ਉਹ ਭਲਾ ਲੋਕ ਕਿਉਂ ਚਲਾ ਗਿਆ? ਇੱਕ ਪਲ ਮਨ ਕਹੇ ਕਿ ਬਹੁਤ ਫਰਾਖ ਦਿਲ ਬੰਦਾ ਸੀ ਜੋ ਮੇਰੇ ਤੇ ਰਹਿਮ ਕਰ ਗਿਆ!- ਨਾਲ ਹੀ ਦੂਜੇ ਪਲ ਮਨ ਕਹੇ ਕਿ ਕਿਤੇ ਉਹ ਵੀ ਬਿਨਾ ਕਾਗਜ਼ਾਂ-ਪੱਤਰਾਂ ਅਤੇ ਬਿਨਾ ਡਰਾਈਵਰ ਲਾਇਸੰਸ ਤੋਂ ਹੀ ਵੈਨ ਤਾਂ ਨਹੀਂ ਚਲਾਉਂਦਾ ਹੋਊ? ਤੇ ਉਸ ਖਿਸਕਣ 'ਚ ਹੀ ਭਲਾ ਸਮਝਿਆ ਅਤੇ ਉਸ ਦੀ ਵੈਨ ਨੂੰ ਤਾਂ ਕੋਈ ਨੁਕਸਾਨ ਵੀ ਨਹੀਂ ਸੀ ਹੋਇਆ ਦਿਸਦਾ!-ਖੈਰ ਗੱਲ ਭਾਂਵੇਂ ਕੁੱਝ ਵੀ ਹੋਵੇ; ਮੈਨੂੰ ਇੱਕ ਅੰਬ ਤਰਤਾਲੀ ਡਾਲਰ ਦਾ ਪੈ ਗਿਆ।- ਨਾਲ ਹੀ ਮੈਂ ਇਹ ਵੀ ਸੋਚਾਂ ਕਿ ਅੰਬ ਭਾਵੇਂ ਤਰਤਾਲੀ ਡਾਲਰ ਦਾ ਹੀ ਹੈ, ਪਰ ਅੱਗੋਂ ਮੇਰੀ ਪੰਜ ਸਾਲ ਦੀ ਪੋਤੀ ਨੂੰ ਅੰਬਾਂ ਦਾ ਡੱਬਾ ਵੇਖ ਕੇ ਜਿਹੜੀ ਖੁਸ਼ੀ, ਸੰਤੁਸ਼ਟੀ ਤੇ ਪ੍ਰਸੰਨਤਾ ਹੋਣੀ ਹੈ, ਉਹ ਘੱਟ ਘੱਟ ਮਿਲੀਅਨ ਡਾਲਰ ਦੀ ਹੈ; ਸੋ ਇਹ ਸਭ ਕੁੱਝ ਹੋਣ ਦੇ ਬਾਵਜੂਦ ਵੀ ਤਰਤਾਲੀ ਡਾਲਰ ਪ੍ਰਤੀ ਅੰਬ ਕੋਈ ਘਾਟੇ ਦਾ ਸੌਦਾ ਨਹੀਂ ਲੱਗਿਆ। •


# J & S Insulation & Rebar Ltd.



*Residential & Commercial*

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**


**Best Price**

**Sarbjit: 604.841.9849**



# SKY BLUE DRYWALL LTD.

*Residential & Commercial*



T-Bar
Steel Stud
Boarding
Taping
Ceiling Texture
Renovation
Quality Work
Free Estimates

**Daljit Singh**

**778-549-3605**

E: singh.mand@icloud.com



# ਚਾਕਲੇਟ ਦੀ ਦੁਨੀਆਂ



ਚਾਕਲੇਟ ਦੀ ਸ਼ੁਰੂਆਤ ਅਮਰੀਕਾ 'ਚ ਹੋਈ। ਇਸ ਦੀ ਸ਼ੁਰੂਆਤ ਈਸਾ ਤੋਂ 1900 ਸਾਲ ਪਹਿਲਾਂ ਮੰਨੀ ਜਾਂਦੀ ਹੈ। ਇਥੋਂ ਦੇ ਕੋਕੋਆ ਸੀਡਸ ਨੂੰ ਰੱਬ ਦਾ ਰੂਪ ਸਮਝਦੇ ਸੀ। ਇਸ ਲਈ ਬਹੁਤ ਜ਼ਿਆਦਾ ਮਹੱਤਵ ਦਿੰਦੇ ਹੋਏ ਇਸ ਨੂੰ ਉੱਥੇ ਕਰੰਸੀ ਦੀ ਤਰ੍ਹਾਂ ਇਸਤੇਮਾਲ 'ਚ ਲਿਆਇਆ ਜਾਂਦਾ ਸੀ। ਉੱਥੇ ਲੋਕ ਇਸ ਨੂੰ ਤਿੱਖੇ ਐਨਰਜ਼ੀ ਡ੍ਰਿੰਕ ਦੀ ਤਰ੍ਹਾਂ ਮਸਾਲਿਆਂ ਕਾਰਨ ਸੂਪ ਅਤੇ ਵਾਇਨ ਦੇ ਨਾਲ ਵੀ ਇਸਤੇਮਾਲ ਕਰਦੇ ਸੀ। ਸੋਹਲਵੀ ਸਦੀ 'ਚ ਇਸ ਨੂੰ ਖੰਡ ਨਾਲ ਮਿਲਾ ਕੇ ਇਸਤੇਮਾਲ 'ਚ ਲਿਆਂਦਾ ਗਿਆ ਅਤੇ ਇਹ ਤੇਜ਼ੀ ਨਾਲ ਯੂਰਪ 'ਚ ਪਸੰਦੀਦਾ ਹੋਣ ਲੱਗੀ। ਵੀਹਵੀਂ ਸਦੀ 'ਚ ਯੂ. ਐਸ. ਦੇ ਸੈਨਿਕ ਲੜਾਈ ਦੌਰਾਨ ਚਾਕਲੇਟ ਨੂੰ ਆਪਣੇ ਖਾਣੇ ਵਾਂਗ ਇਸਤੇਮਾਲ 'ਚ ਲਿਆਉਂਦੇ ਸਨ। ਦੁਨੀਆਂ ਭਰ'ਚ ਪੈਦਾ ਹੋਣ ਵਾਲੇ ਕੋਕੋਆ ਦਾ ਦੋ ਤਿਹਾਈ ਹਿੱਸਾ ਪੱਛਮੀ ਅਫ਼ਰੀਕਾ 'ਚ ਪਵੈਦਾ ਹੁੰਦਾ ਹੈ। ਇਕੱਲੇ ਆਈਵਰੀ ਕਾਸਟ 'ਚ ਪੂਰੀ ਦੁਨੀਆਂ ਦੇ 33% ਕੋਕਆਂ ਉਤਪਾਦਨ ਹੁੰਦਾ ਹੈ।

## ਦੁਨੀਆਂ ਦੀ ਸਭ ਤੋਂ ਵੱਡੀ ਚਾਕਲੇਟ

100 ਸਾਲ ਪੂਰੇ ਹੋਣ 'ਤੇ ਬ੍ਰਿਟੇਨ ਦੀ ਚਾਕਲੇਟ ਨਿਰਮਾਤਾ ਕੰਪਨੀ ਧਾਰਨਟਾਂਸ ਨੇ 2011 'ਚ ਦੁਨੀਆਂ ਦੀ ਸਭ ਤੋਂ ਵੱਡੀ ਚਾਕਲੇਟ ਦਾ ਨਿਰਮਾਣ ਕੀਤਾ। ਇਸ ਦਾ ਭਾਰ 5792.50 ਕਿਲੋ ਸੀ। ਇਹ ਆਈਡੀਆ ਇਥੋਂ ਦੇ ਸਟਾਰ ਪਾਲ ਬੇਲ ਦੁਆਰਾ ਦਿੱਤਾ ਗਿਆ ਸੀ। ਉਸ ਨੇ ਬਚਪਨ 'ਚ ਇਕ ਫ਼ਿਲਮ ਦੇਖੀ ਸੀ ਜਿਸ 'ਚ ਚਾਕਲੇਟ ਇੱਛਾ ਅਨੁਸਾਰ ਸੁੰਗੜ ਕੇ ਛੋਟਾ ਹੋ ਜਾਂਦਾ ਹੈ। ਉਸ ਨੇ ਸੋਚਿਆ ਕਿਉਂ ਨਾ ਇਸ ਤੋਂ ਉਲਟ ਕੀਤਾ ਜਾਵੇ। ਕੰਪਨੀ ਨੇ ਜਦੋਂ 100 ਸਾਲ ਹੋਣ 'ਤੇ ਸਭ ਤੋਂ ਸੈਲੀਬ੍ਰੇਸ਼ਨ ਦਾ ਸੁਝਾਅ ਮੰਗਿਆ ਤਾਂ ਉਸ ਨੇ ਸਭ ਤੋਂ ਵੱਡੀ ਚਾਕਲੇਟ ਦਾ ਸੁਝਾਅ ਦਿੱਤਾ।

## ਚਾਕਲੇਟ ਦੀ ਨਦੀ

1971 'ਚ ਬਣੀ ਇਕ ਫ਼ਿਲਮ ਵਿਲੀ ਵੈਨਕਾ ਐਂਡ ਦਾ ਚਾਕਲੇਟ ਫੈਕਟਰੀ ਲਈ ਆਗਸਟਸ ਗਰੁੱਪ ਨਾਂ ਦੀ ਇਕ ਚਾਕਲੇਟ ਰਿਵਰ ਨੂੰ ਖਾਸ ਤੌਰ 'ਤੇ ਤਿਆਰ ਕੀਤਾ ਸੀ। ਇਸ ਨੂੰ ਬਣਾਉਣ ਲਈ 16 ਹਜ਼ਾਰ ਗੈਲਨ ਪਾਣੀ 'ਚ ਚਾਕਲੇਟ ਅਤੇ ਕਰੀਮ ਮਿਕਸ ਕਰਕੇ ਇਹ ਚਾਕਲੇਟ ਰਿਵਰ ਜਲਦੀ ਖਰਾਬ ਹੋ ਗਈ ਅਤੇ ਉਸ 'ਚ ਬਹੁਤ ਜ਼ਿਆਦਾ ਬਦਬੂ ਆਉਣ ਲੱਗੀ।

## ਚਾਕਲੇਟ ਨਾਲ ਸਜਾਇਆ ਕਮਰਾ

ਤੁਸੀਂ ਸਾਰਿਆਂ ਨੇ ਕਦੇ ਇਹ ਜ਼ਰੂਰ ਦੇਖਿਆ ਹੋਵੇਗਾ ਕਿ ਤੁਹਾਨੂੰ ਕੋਈ ਚਾਕਲੇਟ ਫਾਊਨਟੇਨ, ਟ੍ਰੀ ਜਾਂ ਕੋਈ ਅਜਿਹਾ ਘਰ ਮਿਲ ਜਾਵੇ, ਜਿਥੇ ਸਿਰਫ਼ ਚਾਕਲੇਟ ਹੋਵੇ। ਏਲੀਨਾ ਕਲੀਮੇਟ ਨੇ 2013 'ਚ ਅਜਿਹਾ ਹੀ ਘਰ ਬਣਾਇਆ ਸੀ ਜਿੱਥੇ ਸਾਰੀਆਂ ਚੀਜ਼ਾਂ ਚਾਕਲੇਟ ਦੀਆਂ ਬਣੀਆਂ ਸਨ। ਇਸ ਨੂੰ ਤਿਆਰ ਕਰਨ 'ਚ 600 ਕਿਲੋ ਚਾਕਲੇਟ ਦੀ ਖਪਤ ਹੋਈ। 20 ਵਰਗ ਮੀਟਰ ਦੇ ਇਸ ਕਮਰੇ 'ਚ ਕੁਰਸੀ, ਟੇਬਲ, ਕੱਪ, ਪਲੇਟ ਆਦਿ ਚੀਜ਼ਾਂ ਚਾਕਲੇਟ ਨਾਲ ਬਣੀਆਂ ਹਨ। ਇਸ ਦੀ ਤਿਆਰੀ 'ਚ ਦੋ ਮਹੀਨੇ ਅਤੇ ਡੈਕੋਰੇਸ਼ਨ 'ਚ 14 ਦਿਨ ਦਾ ਸਮਾਂ ਲੱਗਿਆ।

## ਵਾਇਟ ਚਾਕਲੇਟ

ਸਾਧਾਰਨ ਚਾਕਲੇਟ ਕੋਕੋਆ ਜਾਂ ਉਸ ਦੇ ਤਰਲ ਪਦਾਰਥ ਤੋਂ ਬਣਦਾ ਹੈ ਪਰ ਵਾਇਟ ਚਾਕਲੇਟ 'ਚ ਇਸ ਦੀ ਜਗ੍ਹਾ 'ਤੇ ਕੋਕਆ ਬਰ ਦਾ ਇਸਤੇਮਾਲ ਕੀਤਾ ਜਾਂਦਾ ਹੈ। ਅਸਲ 'ਚ ਇਹ ਟਾਕਲੇਟ ਨਹੀਂ ਹੈ। ਇਸ 'ਚ 20% ਕੋਕੋਆ ਬਟਰ, 14% ਮਿਲਕ ਪਾਊਡਰ ਅਤੇ ਬਾਕੀ ਮਾਤਰਾ ਖੰਡ ਦੀ ਹੁੰਦੀ ਹੈ। ਦੁਨੀਆਂ ਭਰ 'ਚ ਚਾਕਲੇਟ ਦੀ ਜਿੰਨੀ ਖਪਤ ਹੈ ਉਸ 'ਚੋਂ ਅੱਧੀ ਮਾਤਰਾ ਕੇਵਲ ਯੂਰਪ 'ਚ ਖਪਤ ਹੁੰਦੀ ਹੈ। ਇੱਥੇ ਹਰ ਵਿਅਕਤੀ ਇਕ ਸਾਲ 'ਚ ਔਸਤ 11 ਕਿਲੋ ਚਾਕਲੇਟ ਖਾਂਦਾ ਹੈ।

## ਇੰਝ ਤਿਆਰ ਹੁੰਦਾ ਹੈ ਚਾਕਲੇਟ

ਚਾਕਲੇਟ ਦਾ ਨਿਰਮਾਣ ਕੋਕਆ ਤੋਂ ਹੁੰਦਾ ਹੈ। ਇਸ ਨੂੰ ਤਿਆਰ ਕਰਨ ਦੀ ਪ੍ਰਕਿਰਿਆ ਕਈ ਲੜੀਆਂ 'ਚ ਹੋ ਕੇ ਲੰਘਦੀ ਹੈ। ਕੋਕੋਆ ਦੀ ਖੇਤੀ ਸਾਲ 'ਚ ਦੋ ਵਾਰ ਕੀਤੀ ਜਾਂਦੀ ਹੈ। ਇਸ ਦੀ ਇਕ ਫਲੀ 'ਚ 25-50 ਬੀਜ਼ ਤੱਕ ਹੁੰਦੇ ਹਨ। ਫਲਾਂ ਨੂੰ ਕੱਟਣ ਤੋਂ ਬਾਅਦ ਇਸ ਤੋਂ ਨਿਕਲਣ ਵਾਲੇ ਬੀਜ਼ ਅਤੇ ਸਫੈਦ ਪਲਪ ਨੂੰ ਲਕੜੀ ਦੇ ਕੰਟੇਨਰ 'ਚ ਪੰਜ ਸੱਤ ਦਿਨਾਂ ਬਾਅਦ ਬੰਦ ਕਰ ਦਿੱਤਾ ਜਾਂਦਾ ਹੈ, ਇਸ ਤੋਂ ਬਾਅਦ ਬੀਜ਼ਾਂ ਨੂੰ ਧੁੱਪ 'ਚ ਸੁਕਾਇਆ ਜਾਂਦਾ ਹੈ ਅਤੇ ਫਿਰ ਰੋਸਟ ਕੀਤਾ ਜਾਂਦਾ ਹੈ। ਇਸ ਨਾਲਇਸ ਦੇ ਛਿਲਕੇ ਟੁੱਟ ਜਾਂਦੇ ਹਨ। ਜਿਨ੍ਹਾਂ ਵੱਖ ਕਰ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਇਨ੍ਹਾਂ ਬੀਜ਼ਾਂ ਦਾ ਪੇਸਟ ਤਿਆਰ ਕੀਤਾ ਜਾਂਦਾ ਹੈ, ਪੇਸਟ 'ਚ ਮੌਜੂਦ ਕੋਕੋਆਂ ਬਟਰ ਨੂੰ ਹਾਈਡ੍ਰਾਲਿਕ ਪ੍ਰੈਸ਼ਰ ਦੁਆਰਾ ਵੱਖ ਕਰ ਦਿੱਤਾ ਜਾਂਦਾ ਹੈ। ਬਚੇ ਹੋਏ ਪੇਸਟ 'ਚ ਖੰਡ ਮਿਲਕ ਪਾਊਡਰ ਅਤੇ ਫਲੇਵਰ ਮਿਲਾ ਕੇ ਉਸ 'ਚ ਚਾਕਲੇਟ ਤਿਆਰ ਕੀਤਾ ਜਾਂਦਾ ਹੈ।

**ਵੀਹਵੀਂ ਸਦੀ 'ਚ ਯੂ. ਐਸ. ਦੇ ਸੈਨਿਕ ਲੜਾਈ ਦੌਰਾਨ ਚਾਕਲੇਟ ਨੂੰ ਆਪਣੇ ਖਾਣੇ ਵਾਂਗ ਇਸਤੇਮਾਲ 'ਚ ਲਿਆਉਂਦੇ ਸਨ। ਦੁਨੀਆਂ ਭਰ'ਚ ਪੈਦਾ ਹੋਣ ਵਾਲੇ ਕੋਕੋਆ ਦਾ ਦੋ ਤਿਹਾਈ ਹਿੱਸਾ ਪੱਛਮੀ ਅਫ਼ਰੀਕਾ 'ਚ ਪਵੈਦਾ ਹੁੰਦਾ ਹੈ। ਇਕੱਲੇ ਆਈਵਰੀ ਕਾਸਟ 'ਚ ਪੂਰੀ ਦੁਨੀਆਂ ਦੇ 33% ਕੋਕਆਂ ਉਤਪਾਦਨ ਹੁੰਦਾ ਹੈ।**



## ਜ਼ਿਆਦਾ ਚਾਕਲੇਟ ਨਾਲ ਹੁੰਦਾ ਹੈ ਨੁਕਸਾਨ

ਚਾਕਲੇਟ 'ਚ ਥਿਓਬ੍ਰੋਮੀਨ ਦੀ ਵੱਡੀ ਮਾਤਰਾ ਹੁੰਦੀ ਹੈ ਜਿਸ ਨਾਲਿ ਹਾਰਟ ਫੇਲਓਰ, ਸੀਜਰਸ, ਐਂਕਊਟ ਕਿਡਨੀ ਡੈਮੇਜ ਅਤੇ ਡੀਹਾਈਡ੍ਰੇਸ਼ਨ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਨਾਲ ਹੀ ਖੰਡ ਦਾ ਪ੍ਰਯੋਗ ਹੁੰਦਾ ਹੈ। ਇਸ ਨਾਲ ਸਰੀਰ ਨੂੰ ਕੈਲਰੀ ਮਿਲਦੀ ਹੈ। ਇਸ ਨੂੰ ਜ਼ਿਆਦਾ ਖਾਣ ਨਾਲ ਮੋਟਾਪਾ ਅਤੇ ਹੋਰ ਸਮੱਸਿਆਵਾਂ ਹੋਣ ਦਾ ਖਤਰਾ ਰਹਿੰਦਾ ਹੈ।

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਟੁੱਟਦਾ ਜੁੜਦਾ ਬੰਦਾ

ਅਸੀਂ ਅਕਸਰ ਮਨੁੱਖੀ ਦਿਲ ਨੂੰ ਕੱਚ ਨਾਲ ਦੇ ਰੂਪ ਵਿੱਚ ਪ੍ਰਭਾਸ਼ਿਤ ਕਰਦੇ ਹਾਂ। ਅਕਸਰ ਮੰਨਿਆ ਜਾਂਦਾ ਹੈ ਕਿ ਜਿਵੇਂ ਕੱਚ ਇੱਕ ਵਾਰ ਟੁੱਟ ਜਾਵੇ ਤਾਂ ਜੁੜਦਾ ਨਹੀਂ, ਇਸੇ ਤਰ੍ਹਾਂ ਕਹਾਣੀਆਂ, ਗੀਤਾਂ, ਕਵਿਤਾਵਾਂ, ਗਜ਼ਲਾਂ ਵਿੱਚ ਵੀ ਦਿਲ ਦੇ ਟੁੱਟਣ ਅਤੇ ਕਦੇ ਦੁਬਾਰਾ ਨਾ ਜੁੜਨ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਜਰੂਰੀ ਨਹੀਂ ਕਿ ਹਰ ਦਿਲ ਪਿਆਰ, ਮਹੁੱਬਤ, ਇਸ਼ਕ ਵਿੱਚ ਟੁੱਟੇ ਕਦੇ ਸੁਪਨਿਆਂ ਦਾ ਨਾ ਪੂਰਾ ਹੋਣਾ, ਗਰੀਬੀ, ਘਰ ਦੇ ਕਲੇਸ਼, ਬੱਚਿਆਂ ਦੁਆਰਾ ਮਾਪਿਆਂ ਦੀ ਦੇਖਭਾਲ ਨਾ ਕਰਨਾ, ਜਲੀਲਤਾ, ਹੱਕਾਂ ਦਾ ਨਾ ਮਿਲਣਾ ਆਦਿ ਬਹੁਤ ਸਾਰੇ ਕਾਰਣ ਹੋ ਸਕਦੇ ਹਨ। ਪਹਿਲਾਂ ਮੈ ਵੀ ਦਿਲ ਨੂੰ ਕੱਚ ਦੀ ਤਰ੍ਹਾਂ ਸਮਝਦੀ ਸੀ ਅਤੇ ਸੋਚਦੀ ਸੀ ਕਿ ਖੌਰੇ ਇੱਕ ਵਾਰ ਟੁੱਟਣ ਤੋਂ ਬਾਅਦ ਅਸੀਂ ਉੱਠ ਹੀ ਨਹੀਂ ਸਕਾਂਗੇ। ਪਰ ਜਿਵੇਂ ਜਿਵੇਂ ਜਿੰਦਗੀ ਦਾ ਤਜ਼ੁਰਬਾ ਹੁੰਦਾ ਗਿਆ (ਖੈਰ ਜਿਆਦਾ ਤਾਂ ਨਹੀਂ) ਤਾਂ ਸਮਝ ਆਉਂਦੀ ਗਈ ਕਿ ਨਹੀਂ ਮਨੁੱਖੀ ਦਿਲ ਕੱਚ ਨਹੀਂ ਹੈ, ਬਲਕਿ ਬਹੁਤ ਮਜ਼ਬੂਤ ਹੈ, ਇਹ ਪਰਮਾਤਮਾ ਦੀ ਇੱਕ ਅਜਿਹੀ ਬਣਤਰ ਹੈ ਕਿ ਇਹ ਟੁੱਟਦਾ ਹੈ ਪਰ ਫਿਰ ਨਵੇਂ ਹਾਲਾਤਾਂ ਵਿੱਚ ਜੁੜਦਾ ਵੀ ਹੈ। ਮਨੁੱਖ ਪਤਾ ਨਹੀਂ ਆਪਣੀ ਪੂਰੀ ਜਿੰਦਗੀ ਵਿੱਚ ਕਿੰਨੀ ਵਾਰ ਟੁੱਟਦਾ ਹੈ ਫਿਰ ਜੁੜਦਾ ਹੈ। ਇੱਥੇ ਮੈਂ ਕਿਸੇ ਬਹੁਤ ਹੀ ਕਾਮਯਾਬ ਜਾਂ ਮਸ਼ਹੂਰ ਵਿਅਕਤੀ ਦੀ ਉਦਹਾਰਣ ਨਹੀਂ ਦੇਣਾ ਚਾਹਾਂਗੀ, ਬਲਕਿ ਪਾਠਕਾਂ ਨੂੰ ਗੁਜ਼ਾਰਿਸ਼ ਕਰਾਂਗੀ ਕਿ ਅਸੀਂ ਆਪਣੇ ਮਾਤਾ ਪਿਤਾ ਦੀ ਜਾਂ ਬਜ਼ੁਰਗਾਂ ਦੀ ਜਿੰਦਗੀ ਹੀ ਦੇਖ ਲਈਏ, ਉਹਨਾਂ ਕਿੰਨੇ ਉੱਚੇ ਨੀਵੇਂ ਦਿਨ ਦੇਖੇ, ਤੰਗੀਆਂ ਤੁਰਸ਼ੀਆਂ ਸਭ ਸਹੀਆਂ, 47 ਦੀ ਵੰਡ ਦੇਖੀ 84 ਦੇ ਦੰਗੇ ਦੇਖੇ, ਕਈ ਆਪਣੇ ਜਾਨਾਂ ਤੋਂ ਪਿਆਰਿਆਂ ਨੂੰ ਹੱਥੀ ਇਸ ਦੁਨੀਆਂ ਤੋਂ ਤੋਰਿਆ, ਕੀ ਉਹਨਾਂ ਜਿੰਦਗੀ ਨਹੀਂ ਗੁਜ਼ਾਰੀ, ਕੀ ਮੁੜ ਕਦੇ ਉਹਨਾਂ ਦੇ ਚਿਹਰੇ ਤੇ ਹਾਸਾ ਨਹੀਂ ਆਇਆ? ਇੱਕ ਕਵਿੱਤਰੀ ਰਜਨੀ ਵਾਲੀਆ ਦਾ ਕਾਵਿ ਸੰਗ੍ਰਹਿ ਹੈ "ਟੁੱਟਣਾ ਖੂਬਸੂਰਤ ਹੁੰਦਾ" ਉਹਨਾਂ ਦਾ ਇਹ ਸਿਰਲੇਖ ਮੈਨੂੰ ਬਹੁਤ ਵਧੀਆ ਲੱਗਾ ਕਿਉਂਕਿ ਉਹਨਾਂ ਨੇ ਟੁੱਟਣ ਨੂੰ ਬੁਰਾ ਜਾਂ ਕਮਜ਼ੋਰ ਨਹੀਂ ਬਲਕਿ ਖੂਬਸੂਰਤ ਕਿਹਾ। ਮੇਰੇ ਵਿਚਾਰ ਅਨੁਸਾਰ ਇੱਕ ਟੁੱਟਣਾ ਹੀ ਤਾਂ ਹੈ ਜੋ ਸਾਨੂੰ ਨਿਰੰਤਰ ਚੱਲਣ ਲਈ ਪ੍ਰੇਰਦਾ ਰਹਿੰਦਾ ਹੈ। ਟੁੱਟਣ ਤੋਂ ਬਾਅਦ ਹੀ ਤਾਂ ਜੁੜਿਆ ਜਾ ਸਕਦਾ। ਟੁੱਟ ਕੇ, ਬਿਖਰ ਕੇ ਜਦੋਂ ਮਨੁੱਖ ਜਦ ਫਿਰ ਜੁੜਦਾ ਹੈ ਤਾਂ ਉਹ ਦੁਨੀਆਂ ਵਿੱਚ ਵੱਖਰਾ ਪਹਿਚਾਣਿਆ ਜਾਂਦਾ ਹੈ। ਫਿਰ ਉਹ ਆਪਣੇ ਟੁੱਟਣ ਦੇ ਕਿੱਸੇ ਖੁਸ਼ੀ ਨਾਲ ਦੱਸਦਾ ਹੈ। ਫਿਰ ਉਸਦੇ ਟੁੱਟਣ ਤੋਂ ਫਿਰ ਜੁੜਨ ਤੱਕ ਦੇ ਸਫ਼ਰ ਨੂੰ ਲੇਖਕ ਕਹਾਣੀਆਂ, ਕਵਿਤਾਵਾਂ ਤੇ ਫਿਲਮਾਂ ਰਾਹੀਂ ਪੇਸ਼ ਕਰਦੇ ਹਨ। ਫਿਰ ਟੁੱਟਣਾ ਮਾੜਾ ਕਿਵੇਂ ਹੋਇਆ, ਬੇਸ਼ਰਤੇ ਅਸੀਂ ਟੁੱਟਣ ਦੀ ਅਸਲ ਪਰਿਭਾਸ਼ਾ ਨੂੰ ਸਮਝਦੇ ਹੋਈਏ। ਜੇਕਰ ਮੈਨੂੰ ਕੋਈ ਜਿੰਦਗੀ ਨੂੰ ਪ੍ਰਭਾਸ਼ਿਤ ਕਰਨ ਲਈ ਕਹੇ ਤਾਂ ਮੇਰਾ ਜਵਾਬ ਏਹੀ ਹੋਵੇਗਾ, "ਨਿਰੰਤਰ ਟੁੱਟਦੇ ਰਹਿਣ ਤੋਂ ਜੁੜਦੇ ਰਹਿਣ ਤੱਕ ਦਾ ਸਫ਼ਰ ਹੈ ਜ਼ਿੰਦਗੀ।"






ਹਰਕੀਰਤ ਕੌਰ
9779118066

# ਆਪਣੀ ਬਿਹਤਰੀ ਲਈ ਸੋਚਣਾ ਸਾਡਾ ਹੱਕ ਹੈ

ਜੇਕਰ ਜਿੰਦਗੀ ਵਿੱਚ ਨਾਕਾਮਯਾਬ ਬੱਚੇ ਇਸਦਾ ਕਸੂਰਵਾਰ ਆਪਣੇ ਮਾਪਿਆਂ ਨੂੰ ਠਹਿਰਾਉਂਦੇ ਹਨ ਤਾਂ, ਉਹ ਸਰਾਸਰ ਗਲਤ ਹਨ। ਇਸ ਸੰਸਾਰ ਵਿੱਚ ਜੋ ਵੀ ਇਨਸਾਨ ਆਇਆ ਹੈ ਉਸਨੂੰ ਆਪਣੀ ਜਿੰਮੇਵਾਰੀ ਆਪ ਚੁੱਕਣੀ ਪਵੇਗੀ। ਅਸੀਂ ਕਿਸੇ ਦੂਸਰੇ ਉੱਪਰ ਨਿਰਭਰ ਹੋ ਕੇ ਕਦੇ ਨਹੀਂ ਰਹਿ ਸਕਦੇ। ਜੇਕਰ ਅਸੀਂ ਸੋਚੀਏ ਕਿ ਸਾਡੇ ਜੀਵਨ ਦੇ ਫੈਸਲੇ ਕੋਈ ਹੋਰ ਲਵੇ ਤਾਂ ਉਸ ਦੇ ਨਤੀਜੇ ਵੀ ਦੂਸਰਿਆਂ ਦੇ ਅਨੁਸਾਰ ਹੀ ਹੋਣਗੇ। ਜੇਕਰ ਅਸੀਂ ਇੱਕ ਬਿਹਤਰ ਜਿੰਦਗੀ ਚਾਹੁੰਦੇ ਹਾਂ ਤਾਂ ਉਸ ਲਈ ਮਿਹਨਤ, ਕੋਸ਼ਿਸ਼, ਫੈਸਲੇ ਲੈਣੇ ਸਭ ਸਾਨੂੰ ਖੁਦ ਕਰਨਾ ਹੋਵੇਗਾ। ਆਪਣੀ ਬਿਹਤਰੀ ਲਈ ਸੋਚਣਾ ਸਾਡਾ ਫਰਜ਼ ਹੈ ਸਾਡਾ ਹੱਕ ਹੈ। ਆਪਣੇ ਜੀਵਨ ਨੂੰ ਲੀਹੇ ਪਾਉਣ ਲਈ ਸਾਨੂੰ ਇਹ ਨਹੀਂ ਸੋਚਣਾ ਚਾਹੀਦਾ, ਕਿ ਕੋਈ ਕੀ ਕਹੇਗਾ ? ਬਾਸ਼ਰਤੇ ਸਾਡੇ



ਦੁਆਰਾ ਚੁਣਿਆ ਰਸਤਾ ਸਹੀ ਤੇ ਸਾਰਥਕ ਹੋਵੇ, ਉਹ ਕਿਸੇ ਨੂੰ ਨੁਕਸਾਨ ਨਾ ਪਹੁੰਚਾ ਰਿਹਾ ਹੋਵੇ। ਅਸੀਂ ਕਿਸੇ ਦਾ ਹੱਕ ਨਹੀਂ ਖੋਹਣਾ। ਇਸ ਦੁਨੀਆਂ ਵਿੱਚ ਇੱਕ ਦੋੜ ਲੱਗੀ ਹੋਈ ਹੈ, ਹਰ ਕੋਈ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਲੱਗਾ ਹੋਇਆ ਹੈ, ਹਰ ਕਿਸੇ ਦੀ ਕੋਸ਼ਿਸ਼ ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਹੈ। ਅਸੀਂ ਵੀ ਇਸ ਦੋੜ ਵਿੱਚ ਸ਼ਾਮਿਲ ਹਾਂ, ਅਸੀਂ ਵੀ ਮੁਕਾਬਲਾ ਕਰ ਰਹੇ ਹਾਂ। ਇਸ ਨੂੰ ਅਸੀਂ ਸੁਆਰਥ ਨਹੀਂ ਕਹਿ ਸਕਦੇ, ਇਹ ਇੱਕ ਜਰੂਰਤ ਹੈ, ਮੁਕਾਬਲਾ ਕਰਨਾ ਸਾਡਾ ਹੱਕ ਹੈ। ਪਰ ਧਿਆਨ ਰਹੇ ਇਹ ਦੋੜ ਸਾਫ ਸੁਥਰੀ ਹੋਵੇ, ਇਸ ਵਿੱਚ ਕੋਈ ਧੋਖਾ ਫਰੇਬ ਨਹੀਂ ਹੋਣਾ ਚਾਹੀਦਾ, ਇਸ ਦੋੜ ਵਿੱਚ ਕਿਸੇ ਅੱਗੇ ਪੈਰ ਰੱਖ ਅਸੀਂ ਕਿਸੇ ਨੂੰ ਡੇਗਣਾ ਨਹੀਂ, ਸਗੋਂ ਕੋਈ ਡਿੱਗਾ ਨਜ਼ਰ ਆਵੇ ਤਾਂ ਉਸਨੂੰ ਉਠਾਉਣਾ ਸਾਡਾ ਫਰਜ਼ ਹੈ। ਆਪਣੀ ਜਿੰਦਗੀ ਨੂੰ ਬਿਹਤਰ ਬਣਾਉਣਾ ਕੋਈ ਸੁਆਰਥ ਨਹੀਂ, ਬਲਕਿ ਸਾਡਾ ਹੱਕ ਹੈ। ਇੱਥੇ ਇੱਕ ਹੋਰ ਗੱਲ ਜਰੂਰ ਲਿਖਣਾ ਚਾਹਾਂਗੀ ਕਿ ਬਿਹਤਰ ਜਿੰਦਗੀ ਉਹ ਨਹੀਂ ਜਿਸ ਵਿੱਚ ਕੇਵਲ ਪਦਾਰਥਿਕਵਾਦੀ ਸੁਖ ਸ਼ਾਮਿਲ ਹੋਣ, ਬਿਹਤਰ ਜਿੰਦਗੀ ਉਹ ਹੈ ਜਿਸ ਵਿੱਚ ਸ਼ਰੀਰਕ, ਦੁਨਿਆਵੀ, ਸਮਾਜਿਕ, ਮਾਨਸਿਕ ਅਤੇ ਅਧਿਆਤਮਕ ਸੁਖ ਹੋਵਣ। ਇਸ ਜੀਵਨ ਨੂੰ ਖੁੱਲ੍ਹ ਕੇ ਜੀਵੀਏ, ਆਪਣੇ ਜੀਵਨ ਦੀ ਜ਼ਿੰਮੇਵਾਰੀ ਆਪ ਚੁੱਕੀਏ ਤਾਂ ਜੋ ਕੱਲ ਨੂੰ ਆਪਣੇ ਜੀਵਨ ਦੇ ਹਾਲਾਤਾ ਲਈ ਕਿਸੇ ਨੂੰ ਜਿੰਮੇਵਾਰ ਨਾ ਮੰਨ ਸਕੀਏ। ਲੋਕ ਕੀ ਕਹਿਣਗੇ ਸੋਚ ਕੇ ਆਪਣੇ ਸੁਪਨੇ ਨਾ ਮਾਰੋ ਕਿਉਂਕਿ ਬਿਹਤਰ ਜਿੰਦਗੀ ਜਿਊਣਾ ਹਰ ਮਨੁੱਖ ਦਾ ਅਧਿਕਾਰ ਹੈ।

—ਹਰਕੀਰਤ ਕੌਰ

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.




IT'S A HEALTH ISSUE, NOT A RACE ISSUE.

Don't turn a blind eye. COVID-19 affects us all. Racism doesn't have to.

healthnothate.com #HealthNotHate



# ਗੁਰਫਤਿਹ ਸਿੰਘ ਨਾਲ ਡੈਬਿਊ ਕਰੇਗੀ ਸ਼ਨਾਇਆ ਕਪੂਰ

ਪਿੱਛੇ ਜਿਹੇ ਅਭਿਨੇਤਾ ਸੰਜੇ ਕਪੂਰ ਦੀ ਬੇਟੀ ਸ਼ਨਾਇਆ ਕਪੂਰ ਦੀ ਡੈਬਿਊ ਫਿਲਮ ਦੀ ਸ਼ੂਟਿੰਗ ਜੁਲਾਈ ਤੋਂ ਸ਼ੁਰੂ ਹੋਣ ਦੀਆਂ ਖਬਰਾਂ ਆਈਆਂ ਸਨ। ਇਸ ਦੇ ਬਾਅਦ ਫਿਲਮ ਵਿੱਚ ਸ਼ਨਾਇਆ ਦੇ ਸਹਿ ਕਲਾਕਾਰਾਂ ਬਾਰੇ ਅਟਕਲਾਂ ਜਾਰੀ ਹਨ। ਖਬਰ ਹੈ ਕਿ ਸ਼ਨਾਇਆ ਗੁਰਫਤਿਹ ਸਿੰਘ ਪੀਰਜ਼ਾਦਾ ਅਤੇ ਲਕਸ਼ ਲਾਲਵਾਨੀ ਨਾਲ ਕਰੀਅਰ ਦੀ ਸ਼ੁਰੂ ਕਰ ਸਕਦੀ ਹੈ। ਉਹ ਪਿੱਛੇ ਜਿਹੇ ਕਰਣ ਜੌਹਰ ਦੀ ਟੈਲੇਂਟ ਏਜੰਸੀ ਧਰਮਾ ਕਾਰਨਸਟੋਨ ਨਾਲ ਜੁੜੀ ਹੈ। ਗੁਰਫਤਿਹ ਅਤੇ ਲਕਸ਼ ਵੀ ਇਸ ਨਾਲ ਜੁੜੇ ਹਨ। ਖਬਰਾਂ ਹਨ ਕਿ ਸ਼ਨਾਇਆ ਦੀ ਪਹਿਲੀ ਫਿਲਮ 'ਸਟੂਡੈਂਟ ਆਫ ਦੀ ਈਅਰ 3 ਹੋ ਸਕਦੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਸ਼ਨਾਇਆ ਦੀ ਪਹਿਲੀ ਫਿਲਮ ਪ੍ਰੇਮ ਤ੍ਰਿਕੋਣ ਉੱਤੇ ਆਧਾਰਤ ਰੋਮਾਂਟਿਕ ਕਾਮੇਡੀ ਹੋਵੇਗੀ। ਦੂਜੇ ਪਾਸੇ ਸ਼ਵੇਤਾ ਤਿਵਾੜੀ ਦੀ ਬੇਟੀ ਪਲਕ ਤਿਵਾੜੀ ਦੀ ਪਹਿਲੀ ਫਿਲਮ 'ਰੋਜ਼ੀ : ਦ ਸੈਫਰਾਨ ਚੈਪਟਰ ਵਿੱਚ ਅਰਬਾਨ ਖਾਨ ਅਤੇ ਮਲਿਕਾ ਸਹਿਰਾਵਤ ਦੀ ਐਂਟਰੀ ਹੋਈ ਹੈ। ਵਿਵੇਕ ?ਬਰਾਏ ਦੇ ਪ੍ਰੋਡਕਸ਼ਨ ਵਿੱਚ ਬਣ ਰਹੀ ਇਸ ਫਿਲਮ ਦੀ ਸ਼ੂਟਿੰਗ ਪਲਕ ਅਗਲੇ ਮਹੀਨੇ ਤੋਂ ਸ਼ੁਰੂ ਕਰ ਸਕਦੀ ਹੈ। ਵਿਸ਼ਾਲ ਰੰਜਨ ਮਿਸ਼ਰਾ ਦੇ ਨਿਰਦੇਸ਼ਨ ਵਾਲੀ ਇਸ ਹਾਰਰ ਫਿਲਮ ਵਿੱਚ ਵਿਵੇਕ ਐਕਟਿੰਗ ਵੀ ਕਰਨਗੇ।

# ਸ਼ੋਭਿਤਾ ਧੁਲੀਪਾਲਾ ਚੱਲੀ ਹਾਲੀਵੁੱਡ

'ਰਾਮਨ ਰਾਘਵ 2.0', 'ਸ਼ੇਫ ਦ ਬਾਡੀ', 'ਘੋਸਟ ਸੀਰੀਜ਼' ਫੇਮ ਅਦਾਕਾਰਾ ਸ਼ੋਭਿਤਾ ਧੁਲੀਪਾਲਾ ਨੂੰ ਹੁਣ ਹਾਲੀਵੁੱਡ ਦੀ ਫ਼ਿਲਮ



ਲਈ ਕਾਸਟ ਕੀਤਾ ਗਿਆ ਹੈ ਅਤੇ ਇਸ ਫ਼ਿਲਮ ਦੇ ਨਿਰਦੇਸ਼ਕ ਹਨ ਦੇਵ ਪਟੇਲ ਜਿਨ੍ਹਾਂ ਨੂੰ 'ਸਲੱਮਡਾਗ ਮਿਲੇਨੀਅਰ' ਦੀ ਬਦੌਲਤ ਯਾਦ ਕੀਤਾ ਜਾਂਦਾ ਹੈ। ਸ਼ੋਭਿਤਾ ਖ਼ੁਦ ਕਬੂਲ ਕਰਦੀ ਹੈ ਕਿ ਉਹ ਹਾਲੀਵੁੱਡ ਦੀਆਂ ਫ਼ਿਲਮਾਂ ਵਿਚ ਕੰਮ ਕਰਨਾ ਚਾਹੁੰਦੀ ਸੀ ਅਤੇ ਹੁਣ ਉਸ ਦੀ ਇਹ ਤਮੰਨਾ ਪੂਰੀ ਹੋਈ ਹੈ। ਉਹ ਇਹ ਵੀ ਕਹਿੰਦੀ ਹੈ ਕਿ ਤਕਰੀਬਨ ਪੰਜ ਸਾਲ ਪਹਿਲਾਂ ਉਸ ਨੇ ਇਸ ਫ਼ਿਲਮ ਲਈ ਆਡੀਸ਼ਨ ਦਿੱਤਾ ਸੀ ਅਤੇ 2016 ਵਿਚ ਉਹ ਜਦੋਂ 'ਰਾਮਨ ਰਾਘਵ 2.0' ਲਈ ਕਾਨਸ ਫ਼ਿਲਮ ਸਮਾਰੋਹ ਵਿਚ ਗਈ ਸੀ ਤਾਂ ਉਸ ਦੌਰਾਨ ਆਡੀਸ਼ਨ ਦਿੱਤਾ ਸੀ। ਸ਼ੋਭਿਤਾ ਨੂੰ ਚਮਕਾਉਂਦੀ ਇਸ ਅੰਗਰੇਜ਼ੀ ਫ਼ਿਲਮ ਦਾ ਨਾਂਅ ਹੈ 'ਮੰਕੀ ਮੈਨ' ਅਤੇ ਇਹ ਨੈੱਟ ਫਲਿੱਕਸ 'ਤੇ ਪ੍ਰਦਰਸ਼ਿਤ ਹੋਵੇਗੀ।

# 'ਰੂਹਦਾਰ' ਨਾਲ ਫਿਰ ਚਰਚਾ ਵਿਚ ਹੈ ਕੈਟ ਸ਼ਰਮਾ

ਹਾਲਾਂਕਿ ਕੈਟ ਸ਼ਰਮਾ ਉਰਫ਼ ਕੋਮਲ ਸ਼ਰਮਾ ਨੇ ਫ਼ਿਲਮ 'ਦ ਮੈਜੀਕਲ ਲਵ ਸਾਗਾ' ਦੇ ਨਾਲ-ਨਾਲ 'ਮਾਂ ਦੁਰਗਾ', 'ਕਸਮ ਤੇਰੇ ਪਿਆਰ ਕੀ', 'ਪਰਮ ਅਵਤਾਰ ਸ੍ਰੀ ਕ੍ਰਿਸ਼ਨ' ਆਦਿ ਲੜੀਵਾਰ ਕੀਤੇ ਹਨ ਪਰ ਉਹ ਚਰਚਾ ਵਿਚ ਉਦੋਂ ਆਈ ਜਦੋਂ ਸਾਲ 2018 ਵਿਚ ਉਸ ਨੇ ਸੁਭਾਸ਼ ਘਈ 'ਤੇ ਛੇੜਛਾੜ ਦਾ ਦੋਸ਼ ਲਗਾਇਆ ਸੀ। ਉਦੋਂ ਤੋਂ ਬਾਅਦ ਹੁਣ ਉਹ ਆਪਣੀ ਫ਼ਿਲਮ 'ਰੂਹਦਾਰ' ਦੀ ਵਜ੍ਹਾ ਨਾਲ ਖ਼ਬਰਾਂ ਵਿਚ ਆਈ ਹੈ। ਇਸ ਫ਼ਿਲਮ ਵਿਚ ਕੈਟ ਵਲੋਂ ਸ਼ਾਇਰਾ ਦੀ ਭੂਮਿਕਾ ਨਿਭਾਈ ਗਈ ਹੈ। ਜਦੋਂ ਸ਼ਾਇਰਾ ਦਾ ਵਿਆਹ ਹੋ ਜਾਂਦਾ ਹੈ ਅਤੇ ਉਸ ਦੇ ਪਤੀ ਨੂੰ ਪਤਾ ਲਗਦਾ ਹੈ ਕਿ ਸਰੀਰਕ ਨੁਕਸ ਦੀ ਵਜ੍ਹਾ ਕਰਕੇ ਉਹ ਮਾਂ ਬਣਨ ਦੇ ਕਾਬਲ ਨਹੀਂ ਹੈ ਤਾਂ ਉਹ ਉਸ ਨਾਲ ਨਫ਼ਰਤ ਕਰਨ ਲਗਦਾ ਹੈ। ਪਤੀ ਦੀ ਆਲੋਚਨਾ ਸਹਿ ਰਹੀ ਸ਼ਾਇਰਾ ਦੀ ਜ਼ਿੰਦਗੀ ਵਿਚ ਇਕ ਹੋਰ ਪੁਰਸ਼ (ਅਸ਼ਮਿਤ ਪਟੇਲ) ਦਾ ਆਗਮਨ ਹੁੰਦਾ ਹੈ ਅਤੇ ਉਸ ਤੋਂ ਬਾਅਦ ਉਸ ਦੀ ਜ਼ਿੰਦਗੀ ਵਿਚ ਕੀ ਕੁਝ ਵਾਪਰਦਾ ਹੈ, ਇਹ ਫ਼ਿਲਮ ਦੀ ਕਹਾਣੀ ਹੈ। ਇਸ ਭੂਮਿਕਾ ਬਾਰੇ ਕੈਟ ਕਹਿੰਦੀ ਹੈ, 'ਇਹ ਆਮ ਭੂਮਿਕਾ ਨਹੀਂ ਹੈ। ਸੱਚ ਤਾਂ ਇਹ ਹੈ ਕਿ ਦੁਨੀਆ ਵਿਚ ਲੱਖਾਂ ਇਸ ਤਰ੍ਹਾਂ ਦੀਆਂ ਔਰਤਾਂ ਹਨ ਜੋ ਗਰਭ ਧਾਰਨ ਨਹੀਂ ਕਰ ਸਕਦੀਆਂ। ਇਥੇ ਮੈਨੂੰ ਉਨ੍ਹਾਂ ਔਰਤਾਂ ਦੀ ਆਵਾਜ਼ ਬਣਨ ਦਾ ਮੌਕਾ ਮਿਲਿਆ ਹੈ। ਕੀ ਇਹ ਸਹੀ ਕਿਹਾ ਜਾਵੇਗਾ



ਕਿ ਇਕ ਇਨਸਾਨ ਦੀ ਸਰੀਰਕ ਕਮੀ ਦੀ ਵਜ੍ਹਾ ਕਰਕੇ ਉਸ ਨਾਲ ਨਫ਼ਰਤ ਕੀਤੀ ਜਾਵੇ। ਫ਼ਿਲਮ ਵਿਚ ਪ੍ਰੇਮ ਦੀ ਨਵੀਂ ਪਰਿਭਾਸ਼ਾ ਪੇਸ਼ ਕੀਤੀ ਗਈ ਹੈ ਅਤੇ ਇਸੇ ਵਜ੍ਹਾ ਕਰਕੇ ਮੈਂ ਇਹ ਫ਼ਿਲਮ ਕੀਤੀ ਹੈ।'









# ਚੰਗੀ ਸਕ੍ਰਿਪਟ ਕਦੇ ਵੀ ਮਿਲ ਸਕਦੀ ਹੈ-ਆਯੁਸ਼ਮਾਨ ਖੁਰਾਣਾ

ਆਯੁਸ਼ਮਾਨ ਖੁਰਾਣਾ ਨੇ ਵੱਖ-ਵੱਖ ਕਹਾਣੀਆਂ ਵਿੱਚ ਅਨੋਖੇ ਕਿਰਦਾਰ ਨਿਭਾ ਕੇ ਸਿੱਧ ਕਰ ਦਿੱਤਾ ਹੈ ਕਿ ਉਹ ਇੱਕ ਵੱਖਰੀ ਤਰ੍ਹਾਂ ਦਾ ਹੀਰੋ ਹੈ। ਉਸ ਦੀਆਂ ਫਿਲਮਾਂ ਕਮਰਸ਼ੀਅਲ ਅਤੇ ਸਾਰਿਆਂ ਤੋਂ ਵੱਖਰੀ ਸ਼੍ਰੇਣੀ ਦੀ ਗਿਣਤੀ ਵਿੱਚ ਆਉਂਦੀਆਂ ਹਨ, ਚਾਹੇ ਉਸ ਦੀ ਹਿੱਟ ਫਿਲਮ 'ਵਿੱਕੀ ਡੋਨਰ' ਹੋਵੇ, 'ਸ਼ੁਭ ਮੰਗਲ ਸਾਵਧਾਨ ਹੋਵੇ', 'ਡ੍ਰੀਮ ਗਰਲ' ਹੋਵੇ ਜਾਂ ਫਿਰ ਲਾਕਡਾਊਨ ਕਾਰਨ ਸਿੱਧੇ ਓ ਟੀ ਟੀ ਪਲੇਟਫਾਰਮ 'ਤੇ ਰਿਲੀਜ਼ 'ਗੁਲਾਬੋ ਸਿਤਾਬੋ'। ਵਰਜਿਤ ਵਿਸ਼ਿਆਂ ਉੱਤੇ ਬਿਹਤਰੀਨ ਪਰਫਾਰਮ ਕਰਦੇ ਹੋਏ ਆਯੁਸ਼ਮਾਨ ਨੇ ਆਪਣਾ ਚੰਗਾ-ਖਾਸਾ ਨਾਂਅ ਬਣਾ ਲਿਆ ਹੈ। ਪੇਸ਼ ਹਨ ਆਯੁਸ਼ਮਾਨ ਦੇ ਨਾਲ ਗੱਲਬਾਤ ਦੇ ਕੁਝ ਅੰਸ਼ :



**• ਕੀ ਵਰਜਿਤ ਵਿਸ਼ੇ ਕਰਨਾ ਤੁਹਾਨੂੰ ਪਸੰਦ ਹੈ?**

– ਨਹੀਂ, ਮੈਂ ਸਕ੍ਰਿਪਟ ਨੂੰ ਪਹਿਲ ਦਿੰਦਾ ਹਾਂ। ਜੇ ਸਕ੍ਰਿਪਟ ਅਜਿਹੀ ਹੈ ਤਾਂ ਮੈਂ ਉਸ ਨਾਲ ਜੁੜਨਾ ਪਸੰਦ ਕਰਦਾ ਹਾਂ। ਮੈਂ ਸਕ੍ਰਿਪਟ ਚੰਗੀ ਤਰ੍ਹਾਂ ਪਰਖਦਾ ਹਾਂ। ਸ਼ਾਇਦ ਮੈਂ ਸਕ੍ਰਿਪਟਸ ਲਈ ਸਹੀ ਪਸੰਦ ਹਾਂ। ਮੈਂ ਵੱਖਰੀ ਚੀਜ਼ ਵੱਲ ਆਕਰਸ਼ਿਤ ਹੁੰਦਾ ਹਾਂ ਜਾ ਵੱਖਰਾ ਦੇਖਣਾ ਪਸੰਦ ਕਰਦਾ ਹਾਂ। ਮੈਂ ਹਮੇਸ਼ਾ ਆਪਣੀਆਂ ਅੱਖਾਂ ਤੇ ਕੰਨ ਖੁੱਲ੍ਹੇ ਰੱਖਦਾ ਹਾਂ। ਮੇਰੇ ਹਿਸਾਬ ਨਾਲ ਚੰਗੀ ਸਕ੍ਰਿਪਟ ਕਦੇ ਵੀ ਕਿਸੇ ਕੋਲੋਂ ਮਿਲ ਸਕਦੀ ਹੈ ਜ਼ਰੂਰੀ ਨਹੀਂ ਕਿ ਇਸ ਤਰ੍ਹਾਂ ਦੀ ਸਕ੍ਰਿਪਟ ਸਿਰਫ 'ਏ' ਲਿਸਟਰਸ ਦੇ ਕੋਲੋਂ ਹੀ ਮਿਲੇ ਅਤੇ ਜ਼ਰੂਰੀ ਨਹੀਂ ਕਿ ਸਿਰਫ 'ਏ' ਲਿਸਟਰ ਆਰਟਿਸਟ ਹੀ ਅਜਿਹੇ ਕਿਰਦਾਰ ਨਿਭਾ ਸਕਦਾ ਹੈ।

**• ਆਪਣੀ ਤਾਜ਼ਾ ਫਿਲਮ 'ਗੁਲਾਬੋ ਸਿਤਾਬੋ' 'ਚ ਤੁਹਾਨੂੰ ਅਮਿਤਾਭ ਬੱਚਨ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਕਿਹੋ ਜਿਹਾ ਅਨੁਭਵ ਰਿਹਾ?**

– ਮੈਂ ਤਾਂ ਬਚਪਨ ਤੋਂ ਹੀ ਅਮਿਤਾਭ ਜੀ ਤੋਂ ਕਾਫੀ ਪ੍ਰੇਰਿਤ ਰਿਹਾ ਹਾਂ ਅਤੇ ਉਨ੍ਹਾਂ ਦੇ ਨਾਲ ਸਕਰੀਨ ਸ਼ੇਅਰ ਕਰਨਾ ਮੇਰਾ ਸੁਫਨਾ ਸੀ। ਇਸ ਫਿਲਮ ਨੇ ਮੇਰੀ ਜ਼ਿੰਦਗੀ ਦੇ ਸੁਫਨੇ ਨੂੰ ਸੱਚ ਕਰ ਦਿੱਤਾ। ਦੇਸ਼ ਦਾ ਕੋਈ ਵੀ ਨੌਜਵਾਨ ਜਦੋਂ ਐਕਟਿੰਗ ਦੀ ਦੁਨੀਆ ਵਿੱਚ ਪੈਰ ਰੱਖਣਾ ਚਾਹੁੰਦਾ ਹੈ ਤਾਂ ਉਸ ਦਾ ਟੀਚਾ ਅਮਿਤਾਭ ਬੱਚਨ ਹੁੰਦਾ ਹੈ। ਇੱਕ ਬੱਚੇ ਦੇ ਰੂਪ ਵਿੱਚ ਜਦੋਂ ਮੈਂ ਚੰਡੀਗੜ੍ਹ ਦੇ ਨੀਲਮ ਸਿਨੇਮਾ 'ਚ ਉਨ੍ਹਾਂ ਦੀ ਫਿਲਮ 'ਹਮ' ਦੇਖੀ ਅਤੇ ਵੱਡੇ ਪਰਦੇ 'ਚ ਵੱਡੇ ਬੱਚਨ ਨੂੰ ਦੇਖਿਆ ਮੈਨੂੰ ਲੱਗਿਆ ਕਿ ਮੇਰੇ ਅੰਦਰ ਇੱਕ ਵੱਖਰੀ ਤਰ੍ਹਾਂ ਦੀ ਊਰਜਾ ਆ ਗਈ ਹੈ ਅਤੇ ਉਸ ਸਮੇਂ ਹੀ ਮੈਂ ਫੈਸਲਾ ਕਰ ਲਿਆ ਸੀ ਕਿ ਮੈਂ ਅਭਿਨੇਤਾ ਹੀ ਬਣਾਂਗਾ।

**• ਤੁਸੀਂ ਵਰਜਿਤ ਵਿਸ਼ਿਆਂ 'ਤੇ ਜ਼ਿਆਦਾ ਫਿਲਮਾਂ ਕੀਤੀਆਂ ਹਨ। 'ਗੁਲਾਬੋ ਸਿਤਾਬੋ' ਤੋਂ ਪਹਿਲਾਂ ਤੁਹਾਡੀ ਫਿਲਮ 'ਸ਼ੁਭ ਮੰਗਲ ਸਾਵਧਾਨ' ਵਿੱਚ ਸਮਲਿੰਗੀ ਸੰਬੰਧਾਂ ਦੀ ਕਹਾਣੀ ਸੀ। ਤੁਸੀਂ ਸਮਲਿੰਗੀ ਵਿਆਹ ਬਾਰੇ ਕੀ ਕਹਿਣਾ ਚਾਹੋਗੇ?**

– ਅਜਿਹੇ ਵਿਆਹ 'ਚ ਇਮਾਨਦਾਰੀ ਹੋਣਾ ਜ਼ਰੂਰੀ ਹੈ। ਸੱਚਾਈ ਵਿਆਹ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਪਣੇ ਪਾਰਟਨਰ ਨੂੰ ਦੱਸ ਦੇਣੀ ਚਾਹੀਦੀ ਹੈ। ਦੋਵਾਂ ਨੂੰ ਇੱਕ-ਦੂਸਰੇ ਦੇ ਬਾਰੇ ਵਿਆਹ ਤੋਂ ਪਹਿਲਾਂ ਪਤਾ ਹੋਣਾ ਚਾਹੀਦਾ ਹੈ ਤੇ ਜੇ ਦੋਵਾਂ ਨੂੰ ਕੋਈ ਪ੍ਰਾਬਲਮ ਨਾ ਹੋਵੇ ਤਾਂ ਕਿਉਂ ਨਹੀਂ।

**• ਉਂਝ ਤੁਸੀਂ ਕਈ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ, ਪਰ ਤੁਹਾਨੂੰ ਕਿਸ ਤਰ੍ਹਾਂ ਦੇ ਕਿਰਦਾਰਾਂ ਨੂੰ ਕਰਨ ਵਿੱਚ ਜ਼ਿਆਦਾ ਤਿਆਰੀ ਕਰਨੀ ਪਈ ਹੈ?**

– ਉਹ ਕਿਰਦਾਰ ਕਰਨ ਵਿੱਚ ਦਿੱਕਤ ਆਉਂਦੀ ਹੈ ਜਿਨ੍ਹਾਂ ਨੂੰ ਮੈਂ ਦੇਖਿਆ ਨਾ ਹੋਵੇ ਜਿਵੇਂ 'ਅੰਧਾਧੁੰਦ' ਅਤੇ 'ਆਰਟੀਕਲ 15' ਜਿਹੀਆਂ ਫਿਲਮਾਂ ਕਰਨ ਦੇ ਲਈ ਮੈਨੂੰ ਤਿਆਰੀ ਕਰਨੀ ਪਈ।

**• ਤੁਸੀਂ ਕਿਸ ਤਰ੍ਹਾਂ ਦੀ ਬਾਇਓਪਿਕ ਕਰਨਾ ਚਾਹੁੰਦੇ ਹੋ?**

-ਸਪੋਰਟਸ ਨਾਲ ਜੁੜੀ ਕਿਸੇ ਦੀ ਜੀਵਨੀ ਹੋਵੇ ਜਾਂ ਫਿਰ ਕਿਸੇ ਵਕੀਲ ਦੀ ਜੀਵਨੀ ਨੂੰ ਪਰਦੇ 'ਤੇ ਉਤਾਰ ਸਕਾਂ। ਮੈਂ ਕੁਝ ਸਕ੍ਰਿਪਟਸ ਪੜ੍ਹ ਰਿਹਾ ਹਾਂ। ਅਜਿਹਾ ਨਹੀਂ ਹੈ ਕਿ ਮੈਨੂੰ ਬਾਇਓਪਿਕ ਕਰਨਾ ਪਸੰਦ ਹੈ। ਜੇ ਸਕ੍ਰਿਪਟ ਚੰਗੀ ਲੱਗੀ ਕਿਸੇ ਦੀ ਜੀਵਨੀ ਦੀ ਤਾਂ ਜ਼ਰੂਰ ਕਰਾਂਗਾ। ਮੈਂ ਇੱਕ ਸਪੋਰਟਸ ਨਾਲ ਜੁੜੇ ਵਿਅਕਤੀ ਅਤੇ ਇੱਕ ਇੰਡਸਟ੍ਰੀਲਿਸਟ ਦੀ ਬਾਇਓਪਿਕ ਪੜ੍ਹ ਰਿਹਾ ਹਾਂ। ਇੱਕ ਲਾਇਰ ਦੀ ਜੀਵਨੀ ਵੀ ਪੜ੍ਹ ਰਿਹਾ ਹਾਂ, ਪਰ ਉਸ ਬਾਰੇ ਅਜੇ ਕੁਝ ਵੀ ਖੁੱਲ੍ਹ ਕੇ ਨਹੀਂ ਦੱਸ ਸਕਦਾ।

**• ਤੁਹਾਡੀਆਂ ਫਿਲਮਾਂ ਲਗਾਤਾਰ ਸਫਲਤਾ ਪ੍ਰਾਪਤ ਕਰ ਰਹੀਆਂ ਹਨ, ਕਿਹੋ ਜਿਹਾ ਲੱਗਦਾ ਹੈ?**

-ਮੈਨੂੰ ਅਚਾਨਕ ਸਫਲਤਾ ਨਹੀਂ ਮਿਲੀ। ਇਹ ਮੈਨੂੰ ਹੌਲੀ-ਹੌਲੀ ਮਿਲੀ ਹੈ। ਜੇ ਰਾਤੋ-ਰਾਤ ਸਫਲਤਾ ਮਿਲੇ ਤਾਂ ਸਿਰ 'ਤੇ ਚੜ੍ਹ ਜਾਂਦੀ ਹੈ। ਮੈਂ ਖੁਦ ਨੂੰ ਖੁਸ਼ਕਿਸਮਤ ਸਮਝਦਾ ਹਾਂ। ਸਟ੍ਰਗਲ ਤਾਂ ਹਮੇਸ਼ਾ ਚਲਦਾ ਰਹਿੰਦਾ ਹੈ। ਕਦੀ ਹੇਠਾਂ ਤੋਂ ਉਪਰ ਜਾਣ ਦੇ ਲਈ ਤਾਂ ਕਦੀ ਉੱਚਾਈ 'ਤੇ ਬਣੇ ਰਹਿਣ ਦੇ ਲਈ। 'ਵਿੱਕੀ ਡੋਨਰ' ਮੇਰੀ ਜ਼ਿੰਦਗੀ 'ਚ ਮੀਲ ਦਾ ਪੱਥਰ ਰਹੀ ਹੈ। •




- Express Entry
- Permanent Residency
- Family Sponsorship
- LMIA Applications
- Work Permit
- Citizenship
- Study Permit
- Provincial Nominee Programs

AURA IMMIGRATION SERVICES INC.

ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ

Vidushi Kapoor RCIC
604-712-0080
auraimmigration@gmail.com
www.auraimmigration.com
#201, 12732 80 Ave Surrey BC V3W3A7

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof

**Always Low Prices**
2X6X8' Kiln Dry Fir **$4.95 EA**
1X4 Red Cedar 10' **$2.95 EA**
4X8X3/8" Paint Grade Plywood **$21.95 EA**
4X8X1/2" Paint Grade Plywood **$29.95 EA**

*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca

*We Deliver to Your Job Site (Even to the Moon)*
"Where the Builders Buy"

# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

# Ph: 604.589.1399

**Fax : 604.589.1556** **www.rohitapannulaw.com**

**2 Locations to Serve You**

**# 102-9278, 120th Street,**
**Surrey, BC V3V 4W8**

**6303 Fraser Street,**
**Vancouver BC**


HAPPY Easter
fruiticana hee jaana!
LOWEST PRICES IN TOWN
Extra Extra Super Special
RAJAN MANGOES
ਰਾਜਨ ਹੇਡਨ ਅੰਬ (HADEN) 4 kg
$11.98 BOX
*Number of pieces depends on the weight
Fresh Methi ਤਾਜ਼ਾ ਮੇਥੀ $1.49 bunch
Daikon ਮੂਲੀ 88¢ lb
Spinach ਪਾਲਕ 2 bunches for $1.59
Zucchini Squash ਜ਼ੁਕੀਨੀ ਸਕੁਐਸ਼ 88¢ lb
Red Onions 25 lbs ਲਾਲ ਗੰਢੇ $9.98 bag
Nanak Paneer 341 g ਨਾਨਕ ਪਨੀਰ $3.99 pkg.
Nanak Rasmalai 3 Flavours 850 g ਨਾਨਕ ਰਸਮਲਾਈ ਵੱਖ-ਵੱਖ ਫਲੇਵਰ $6.99 pkg.
Nanak Desi Ghee 1.6 kg ਨਾਨਕ ਘਿਓ $19.99 ea.
Extra Super Super Special
Fresh Ginger ਤਾਜ਼ਾ ਅਦਰਕ 99¢ lb
Extra Super Super Special
Jumbo Cauliflower Size 9 ਵੱਡਾ ਗੋਬੀ ਦਾ ਫੁੱਲ ਸਾਈਜ਼ ੯ $1.98 ea.
Super Special
Roma Tomatoes ਟਮਾਟਰ ਰੋਮਾ 88¢ lb
Super Special
Yellow Onions 50 lbs ਪੀਲੇ ਗੰਢੇ $9.98 bag
Super Special
Long Eggplants or Indian Eggplants ਲੰਬੇ ਬਤਾਊਂ ਜਾਂ ਦੇਸੀ ਬਤਾਊਂ 99¢ lb
Super Special
Fresh Garlic ਤਾਜ਼ਾ ਲਸਣ 99¢ lb
Super Special
Cilantro ਧਨੀਆ 3 bunches for 99¢
Super Special
Indican Punjabi Cane White Sugar 8 lbs ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ $3.99 bag
Green Cabbage ਹਰੀ ਬੰਦ ਗੋਭੀ 49¢ lb
Red Delicious Apples USA #1 ਲਾਲ ਸਵਾਦ ਸੇਬ ਯੂ.ਐਸ.ਏ #੧ 88¢ lb
Russet Potatoes Snoboy USA #1 10 lbs ਆਲੂ ਰਸਟ ਸਨੋਬੁਆਏ ਯੂ.ਐਸ.ਏ #੧ $2.99 bag
Large Seedless Oranges ਵੱਡੇ ਸੰਤਰੇ (ਬਿਨਾਂ ਬੀਜ ਤੋਂ) 88¢ lb
Gala Apples USA #1 ਗਾਲਾ ਸੇਬ ਯੂ.ਐਸ.ਏ #੧ 98¢ lb
Rapini (Sarson da Saag) ਸਰਸੋਂ ਦਾ ਸਾਗ $2.49 bunch
Large Eggplants ਵੱਡੇ ਬਤਾਊਂ 2 for $1.50
Nanak Dahi Kebabs ਨਾਨਕ ਦਹੀ ਕਬਾਬ $6.99 pkg.
Indican Punjabi Biscuits 2.2 lbs ਇੰਡੀਕੇਨ ਪੰਜਾਬੀ ਬਿਸਕੁਟ $4.99 pkg.
Indican Brown Sugar 8 lbs ਇੰਡੀਕੇਨ ਭੂਰੀ ਖੰਡ $4.98 bag
KTC Pomace Olive Oil 3L ਕੇ.ਟੀ.ਸੀ ਜ਼ੈਤੂਨ ਪੌਮੇਸ ਦਾ ਤੇਲ $9.98 ea.
Golden Temple Flour 20 lbs ਗੋਲਡਨ ਟੈਂਪਲ ਆਟਾ $9.98 bag
Almonds ਬਦਾਮ $3.98 lb
Green Cardamom (Elaichi) MF ਹਰੀ ਇਲਾਇਚੀ (ਐਮ.ਐਫ) $26.99 lb
Indican Basmati Rice 8 lbs ਇੰਡੀਕੇਨ ਬਾਸਮਤੀ ਚੌਲ $6.98 bag
Product images may differ from the actual product.
Thur Apr 01, 2021 - Wed Apr 07, 2021
We reserve the right to limit the quantities while they last
Fruiticana SINCE 1994
Head Office: 7676 Anvil Way, Surrey
604-502-0005
www.fruiticana.com
BUSINESS HOURS 9 AM - 8 PM 7 DAYS A WEEK
Newton ---- 13783 72nd Ave. Surrey ---- 604-590-2080
Newton ---- 13174 64th Ave. Surrey ---- 604-598-9220
Scott Road ---- 12047 80th Ave. Surrey ---- 604-591-5032
Scott Road ---- 104-7028 120th St. ---- 604-590-8864
Cedar Hills ---- 12867 96th Ave. Surrey ---- 604-588-6620
Fleetwood ---- 101-15933 Fraser Hwy ---- 604-593-5163
Surrey ---- 12990 72nd Ave. ---- 604-503-5510
Surrey ---- 12788 76A Ave. Surrey ---- 604-597-1676
Surrey ---- 16788 64 Ave. ---- 604-372-2023
Surrey ---- 101-7228 192St. ---- 604-575-3750
Abbotsford ---- 2785 Bourquin Crescent W. ---- 604-744-0328
Abbotsford ---- 31205 Maclure Rd. ---- 604-504-5877
Port Coquitlam ---- 2807 Shaughnessy St. ---- 604-464-0822
Vancouver ---- 6257 Fraser St. ---- 604-321-9931
Richmond ---- 4101 No.5 Rd. ---- 604-244-9520